ਜੀਹਦਾ ਨਾਮ ਮੁਹੱਬਤ

ਪਰਨੀਤ



JIHDA NAAM MOHBBAT
Punjabi Poetry

©
Parneet
 # 96 Suncity
Roopnagar

EMAIL ------ kaurparneet09@gmail.com

2014

Rs.100/-

Asia Visions
info@kitaban.com

ਮੰਮੀ ਪਾਪਾ ਲਈ

ਤਤਕਰਾ

ਗੁੰਮਸ਼ੁਦਾ ਮੁਹੱਬਤ ਦੀ ਤਲਾਸ਼-ਜੀਹਦਾ ਨਾਮ ਮੁਹੱਬਤ	9
ਤੇਰੇ ਲਈ	13
ਆਗਾਜ਼	15
ਲਾਲ-ਬੱਤੀ	16
ਰੂਹ ਦਾ ਜ਼ਖ਼ਮ	17
ਸਿਆਸਤ	18
ਕਵੀ-ਦਰਬਾਰ	19
ਤਜ਼ਰਬਾ	20
ਮਾਫ਼ੀ	22
ਦਰਦ	23
ਸੁਪਨਾ	24
ਤਾਸ਼ ਦਾ ਘਰ	25
ਜੀਹਦਾ ਨਾਮ ਮੁਹੱਬਤ	26
ਖਿਆਲ	27
ਝਾਂਜਰਾਂ	28
ਜ਼ਿੰਦਗੀ	29
ਮੁਹੱਬਤ	30
ਅੰਜ਼ਾਮ	31
ਭਟਕਣਾ	32
ਪਿਆਰ ਦਾ ਦਰਿਆ	33
ਖੇਡ	34
ਗੁੰਮਸ਼ੁਦਾ ਦੀ ਤਲਾਸ਼	36
ਕਲਯੁੱਗ	37
ਡਰ	38

ਛੱਲਾ 39
ਫ਼ਕੀਰੀ 40
ਮੁਲਾਕਾਤ 41
ਨਜ਼ਰੀਆ 42
ਤਾਕੀਦ 43
ਤਲਾਸ਼ 45
ਮੇਰੀ ਨਾਂਹ 46
ਸ਼ਿਵ ਦੀ ਗੁੰਮ ਗਈ ਮੁਹੱਬਤ ਦੇ ਨਾਂ..... 47
ਮਜਬੂਰ ਬਾਪ 48
ਫ਼ਿਕਰ 49
ਕੈਦ 50
ਸੱਚ 51
ਗੁੱਡੀ 52
ਜਵਾਬ 53
ਅਹਿਸਾਸ 54
ਸਬੂਤ 55
ਜਦ ਵੀ ਉਦਾਸ ਹੋਵਾਂ 57
ਜੇ ਉਹ ਨਹੀਂ... 58
ਸੋਚ 59
ਅਣਜੰਮੀ ਧੀ 60
ਬਿਗਾਨੀ ਧੀ 62
ਨਾਇਕ 64
ਮਿਸਡ ਕਾਲ 65
ਸ਼ਾਇਰਾ 66
ਫ਼ਰਕ 67
ਭੁਲੇਖਾ 68

ਨਫ਼ਾ ਕਿ ਨੁਕਸਾਨ	70
ਤੂੰ ਨਹੀਂ...	71
ਆਖ਼ਰੀ ਮੁਹੱਬਤ	72
ਰਿਸ਼ਤੇ	73
ਮੇਰੀ ਕਵਿਤਾ	74
ਖੁਸ਼ ਮਹਿਲ	75
ਅੱਜ ਉਸ ਰਾਹ ਦੀ ਗੱਲ ਨਾ ਕਰ	76
ਭੰਬੀਰੀਆਂ	77
.....ਇੰਝ ਹੈ.....	80
.....ਰੰਗ.....	81
.....ਇਹ ਦਰਦ ਨ੍ਹੀ ਵੰਡਣਾ	82
ਤੂੰ ਡਰ ਨਾ	83
ਜਦ ਵੀ ਕਦੇ	84
..... ਨਾਇਕ.....	85
.....ਆਖਿਰੀ ਮੁਹੱਬਤ	86
ਮੇਰੀ ਕਵਿਤਾ , ਗਜ਼ਲ ,	87

ਗੁੰਮਸ਼ੁਦਾ ਮੁਹੱਬਤ ਦੀ ਤਲਾਸ਼–ਜੀਹਦਾ ਨਾਮ ਮੁਹੱਬਤ

ਹਰ ਪਿਆਰ ਕਰਨ ਵਾਲਾ ਦਿਲ ਬੇਬੋਲ ਕਵਿਤਾ ਲਿਖ ਰਿਹਾ ਹੁੰਦਾ ਹੈ, ਉਹ ਚਾਹੇ ਅੱਖਰਾਂ ਸ਼ਬਦਾਂ ਦੇ ਰੂਪ ਵਿਚ ਕਾਗਜ਼ ਦੀ ਹਿੱਕ ਤੇ ਆ ਜਾਵੇ, ਗੀਤ ਜਾਂ ਹੂਕ ਬਣਕੇ ਫਿਜ਼ਾ ਵਿੱਚ ਗੂੰਜਦੀ ਰਵੇ ਜਾਂ ਅਣਬੋਲੀ, ਅਣਕਹੀ ਰਹਿ ਕੇ ਸੁਪਨਿਆਂ ਦੇ ਦਰ–ਦਰਵਾਜ਼ੇ ਖੜਕਾਉਂਦੀ ਰਹੇ। ਹਰ ਨਜ਼ਮ ਵਿੱਚ 'ਮੁਹੱਬਤ' ਵਿਦਮਾਨ ਹੁੰਦੀ ਹੈ ਭਾਵੇਂ ਉਹ ਯੁੱਧ ਵਿੱਚ ਲੜ ਰਹੇ ਸਿਪਾਹੀ ਦੇ ਚੇਤਿਆਂ 'ਚ ਪਿਆਰੇ ਚਿਹਰੇ ਬਣਕੇ ਆਵੇ, ਮਨੁੱਖੀ ਹੱਕਾਂ ਦੀ ਗੱਲ ਕਰੇ ਜਾਂ ਇਸ਼ਕ ਮਜ਼ਾਜੀ ਤੋਂ ਇਸ਼ਕ ਹਕੀਕੀ ਦੇ ਸਫ਼ਰ ਉੱਤੇ ਚੱਲਦਿਆਂ ਪ੍ਰੀਤਮ ਵਿੱਚੋਂ ਪ੍ਰਮਾਤਮਾ ਪਾ ਲੈਣ ਦੀ ਕੋਸ਼ਿਸ ਹੋਵੇ।

ਪਰਨੀਤ ਦੀ ਪਹਿਲੀ ਕਾਵਿ–ਪੁਸਤਕ 'ਜ਼ਿਦਾ ਨਾਮ ਮੁਹੱਬਤ' ਵਿੱਚ ਵੀ ਪਿਆਰ ਕਵਿਤਾਵਾਂ ਆਪਣੇ ਪੂਰੇ ਜਲੌਅ ਨਾਲ ਸ਼ਾਮਿਲ ਹਨ। ਛੋਟੇ–ਛੋਟੇ ਸੰਵਾਦ ਰਚਾਉਂਦੀਆਂ, ਸਵਾਲ ਕਰਦੀਆਂ, ਜਵਾਬ ਦੇਂਦੀਆਂ ਇਹ ਨਜ਼ਮਾਂ ਮੁੱਖ ਤੌਰ ਤੇ ਉਸਦੇ ਸਵੈ ਦਾ ਪ੍ਰਗਟਾਅ ਹਨ, ਇਸ਼ਕ ਦੀ ਤਾਕਤ ਦੇ ਹੜ ਵਿੱਚ ਦੁਚਿੱਤੇ ਮਹਿਬੂਬ ਦੀ ਨਾਂਹ ਨੂੰ ਆਪਣੇ ਨਾਲ ਰੋੜ ਲੈ ਜਾਣ ਦਾ ਦਾਅਵਾ ਵੀ ਕਰਦੀਆਂ ਨੇ ਤੇ ਨਾਲ ਹੀ ਚਿਤਾਵਨੀ ਵੀ ਦੇਂਦੀਆਂ ਨੇ ਕਿ ਜੇ ਮੁਹੱਬਤ ਰੁੱਸ ਗਈ ਤਾਂ ਆਸ਼ਿਕ ਦੀ ਹਸਤੀ ਦਾ ਸੂਰਜ ਵੀ ਡੋਬ ਸਕਦੀ ਹੈ।

* ਮਿੱਟੀ ਦੀਆਂ ਬੋਰੀਆਂ ਭਰ ਭਰ
ਬੰਨ੍ਹ ਲਾ ਰਿਹੈਂ ਤੂੰ
ਆਪਣੀ ਸੋਚ ਦੇ ਬੂਹੇ
ਖ਼ੁਰਦੀ ਜਾ ਰਹੀ ਏ ਪਲ–ਪਲ
ਤੇਰੇ ਇਨਕਾਰ ਦੀ ਮਿੱਟੀ।
* ਫੇਰ ਨਾ ਆਖੀਂ ਜੇ ਮੈਂ
ਖੇੜਿਆਂ ਦੇ ਰਾਹ ਪੈ ਗਈ
ਧਰਤੀ ਦੇ ਪਾਸਾ ਵੱਟ ਲੈਣ ਨੂੰ ਹੀ
ਸੂਰਜ ਦਾ ਡੁੱਬ ਜਾਣਾ ਕਹਿੰਦੇ ਨੇ ਲੋਕ।

ਪਰਨੀਤ ਦਾ ਇਹ ਮੁਹੱਬਤ ਕਾਵਿ ਇੱਕ ਪ੍ਰਤੀ ਨਹੀਂ ਸਗੋਂ ਇਹ ਔਰਤ–

ਮਰਦ ਦੇ ਵੱਖ-ਵੱਖ ਰਿਸ਼ਤਿਆਂ ਨੂੰ ਹਰ ਕੋਣ ਤੋਂ ਵੇਖਦਾ ਹੈ ਅਤੇ ਉਨ੍ਹਾਂ ਵਿਚਲੀਆਂ ਉਲਝਣਾਂ ਅਤੇ ਦਵੰਧਾਂ ਦੀਆਂ ਪਰਤਾਂ ਉਘਾੜਨ ਦਾ ਯਤਨ ਕਰਦਾ ਹੈ। ਸ਼ਾਇਰਾ ਦਾ ਮਨ ਸਮਾਜਕ ਰਿਸ਼ਤਿਆਂ 'ਚ ਬੱਝੇ ਹੋਣ ਦੇ ਬਾਵਜੂਦ ਹੱਕ-ਸੱਚ ਦਾ ਪੱਲਾ ਨਹੀਂ ਛੱਡਦਾ। ਉਹ ਜਜ਼ਬਾਤਾਂ ਦੇ ਵਹਿਣ ਵਿੱਚ ਵਹਿੰਦਿਆਂ ਹੋਇਆਂ ਵੀ ਕਿਨਾਰੇ ਦੀ ਸੱਚਾਈ ਨੂੰ ਅੱਖੋਂ ਓਝਲ ਨਹੀਂ ਹੋਣ ਦੇਂਦੀ ਅਤੇ ਪੂਰੀ ਬੇਬਾਕੀ ਨਾਲ ਆਖਦੀ ਹੈ,

* ਉਸਦੀ ਚੁੱਪ 'ਚ
ਮੇਰੇ ਹਰ ਸਵਾਲ ਦਾ ਜਵਾਬ ਸੀ
ਜਦੋਂ ਮੈਂ ਪੁੱਛਿਆ
ਮੇਰੇ ਜਿਸਮ ਤੋਂ ਬਿਨਾਂ
ਤੂੰ ਮੈਥੋਂ ਕੀ ਚਾਹੁੰਦਾ ਏਂ।

ਉਹ ਬੇਕਿਰਕੀ ਨਾਲ ਮੁਹੱਬਤ 'ਚ ਫ਼ਕੀਰ ਹੋਏ ਆਸ਼ਿਕ ਦੀ ਫਕੀਰੀ ਖੋਰਣ ਤੱਕ ਵੀ ਜਾ ਸਕਦੀ ਹੈ। ਇੱਕ ਹੋਰ ਕਵਿਤਾ ਵਿੱਚ ਉਹ ਮੁਹੱਬਤ ਦੇ ਇਕਰਾਰ/ਦਾਅਵੇ ਦੇ ਟੁੱਟਣ ਨੂੰ ਕਿਵੇਂ ਸਹਿਜ ਹੋਕੇ ਲੈਂਦੀ ਹੈ-

* ਉਹ ਸੱਚ ਹੀ ਕਹਿੰਦਾ ਸੀ
ਤੈਨੂੰ ਆਪਣੀ ਬਣਾ ਕੇ ਛੱਡਾਂਗਾ
ਉਹੀ ਹੋਇਆ
ਉਹਨੇ ਮੈਨੂੰ ਆਪਣੀ ਬਣਾਕੇ ਛੱਡ ਦਿੱਤਾ।

ਜਿਵੇਂ ਮੈਂ ਪਹਿਲਾਂ ਕਹਿ ਚੁੱਕਾਹਾਂ ਕਿ ਵਿਸ਼ਵ ਦੇ ਸਭ ਮਹਾਨ ਕਵੀਆਂ ਨੇ ਆਪਣੀ ਸਾਹਿਤਕ ਯਾਤਰਾ ਪਿਆਰ ਨਾਲ ਸੰਬੰਧਤ ਰਚਨਾਵਾਂ ਤੋਂ ਹੀ ਸ਼ੁਰੂ ਕੀਤੀ ਅਤੇ ਇਸ ਅਤਿ ਸੂਖਮ ਅਹਿਸਾਸ ਨੂੰ ਸਾਰੀ ਉਮਰ ਆਪਣੇ ਕਾਵਿ-ਸਫ਼ਰ ਦੇ ਅੰਗ-ਸੰਗ ਰੱਖਿਆ। ਭਾਵੇਂ ਉਹ ਇਨਕਲਾਬੀ ਕਵਿਤਾ ਹੋਵੇ, ਮਨੁੱਖੀ ਰਿਸ਼ਤਿਆਂ ਦੀ ਪਹਿਚਾਣ ਕਰਦੀ ਨਜ਼ਮ ਹੋਵੇ, ਸਮਾਜਕ ਨਾ-ਬਰਾਬਰੀ ਮਿਟਾਉਣ ਦਾ ਦਾਅਵਾ ਕਰਦੀ ਰਚਨਾ ਹੋਵੇ, ਅੱਤਵਾਦ ਜਿਹੇ ਤ੍ਰਾਸਦਿਕ ਦੌਰ ਦਾ ਸੰਵੇਦਨਸ਼ੀਲ ਚਿਤ੍ਰਣ ਹੋਵੇ ਜਾਂ ਕਿਸੇ ਵੀ ਹੋਰ ਮਸਲੇ ਨੂੰ ਸੰਬੋਧਿਤ ਵਿਚਾਰ ਹੋਵੇ, ਪਿਆਰ ਦੇ ਜ਼ਜ਼ਬੇ ਦੇ ਝਲਕਾਰੇ ਬਿਨ੍ਹਾਂ ਕਵਿਤਾ ਅੰਨ੍ਹੇ ਖੂਹ 'ਚ ਮਾਰੀ ਚੀਕ ਹੈ। ਇਸ ਨਿੱਕੇ ਜਿਹੇ ਜੁਗਨੂੰ ਦੀ ਟਿਮਟਿਮਾਉਂਦੀ ਲੋਅ ਹਰ ਯੁੱਗ ਵਿਚਲੇ ਹਨੇਰੇ ਵਿੱਚ ਆਸ ਦੀ ਕਿਰਨ ਜਗਾਈ ਰੱਖਣ ਦੇ ਸਮਰੱਥ ਹੈ। ਜਿੰਦਗੀ

ਨੂੰ ਜਿਊਣ ਜੋਗਾ ਬਣਾਈ ਰੱਖਣ ਲਈ 'ਜੀਹਦਾ ਨਾਂ ਮੁਹੱਬਤ' ਵਰਗੇ ਅਹਿਸਾਸ ਦਾ ਹੋਣਾ ਲਾਜ਼ਮੀ ਹੈ।

ਪਰਨੀਤ ਆਪਣੀਆਂ ਇਹਨਾਂ ਕਵਿਤਾਵਾਂ ਵਿੱਚ ਪਿਆਰ ਦੇ ਮੁੱਢਲੇ ਜਜ਼ਬੇ ਦੀ ਪੇਸ਼ਕਾਰੀ ਤੋਂ ਅਗਾਂਹ ਜਾਕੇ ਰਿਸ਼ਤਿਆਂ ਦੇ ਵੱਡੇ ਪਾਸਾਰ ਵੀ ਚਿਤਵਦੀ ਹੈ ਅਤੇ ਇਹੀ ਉਸਦੇ ਸਾਹਿਤਕ ਸਫ਼ਰ ਦਾ ਅਗਲਾ ਸੰਭਾਵੀ ਸਫ਼ਲ ਪੜਾਅ ਬਣਦਾ ਨਜ਼ਰ ਆਉਂਦਾ ਹੈ। ਉਹ ਆਪਣੀ ਕਵਿਤਾ ਵਿੱਚ ਕਿਸੇ ਸ਼ਰਾਬੀ ਭਰਾ ਅਤੇ ਬਿਗਾਨੀ ਧੀ (ਭਰਜਾਈ) ਵਿਚਲੇ ਰਿਸ਼ਤੇ ਦੇ ਦਵੰਧ ਵਿੱਚ ਔਰਤ ਦੇ ਹੱਕ ਵਿੱਚ ਉਸਦੇ ਪਤੀ ਸਾਹਵੇ ਸਮਰਪਣ ਨੂੰ ਬਲਾਤਕਾਰ ਦਾ ਨਾਂ ਦੇਂਦੀ ਹੈ ਅਤੇ ਆਪਣੀ ਛਟਪਟਾਹਟ ਦੀ ਰਿਪੋਰਟ ਕਵਿਤਾ ਰਾਹੀਂ ਦਰਜ ਕਰਾਉਂਦੀ ਹੈ। ਬਾਪ ਦੀ ਸਲਾਹ–

* ਕੁੜੀਆਂ ਲਈ ਬਿਨ੍ਹਾਂ ਗੱਲੋਂ ਹੱਸਣਾ ਚੰਗਾ ਨਹੀਂ ਹੁੰਦਾ।

ਦੇ ਉੱਤਰ ਵਿੱਚ ਕਹਿੰਦੀ ਹੈ–

* ਕੋਈ ਇਹ ਕਿਉਂ ਨਹੀਂ ਕਹਿੰਦਾ, ਬਿਨਾਂ ਗੱਲੋਂ ਰੋਣਾ ਚੰਗਾ ਨਹੀਂ ਹੁੰਦਾ''।

ਇਸੇ ਤਰ੍ਹਾਂ ਬੁੱਢੀ ਮਾਂ ਨੂੰ ਘਰ ਦਾ ਜਿੰਦਰਾ ਸਮਝਕੇ ਰਿਸ਼ਤਾ ਨਿਭਾਈ ਜਾਣ ਵਾਲੀ ਅਗਲੀ ਪੀੜ੍ਹੀ ਦੀ ਸੋਚ ਉੱਤੇ ਉਹ ਕਟਾਖਸ਼ ਕਰਦੀ ਹੈ–

* ਉਸਦੀ ਮੌਤ ਪਿੱਛੋਂ,
ਰੱਖਿਆ ਗਿਆ ਇੱਕ ਕੁੱਤਾ
ਘਰ ਦੀ ਰਾਖੀ ਲਈ
ਤੇ ਇੱਕ ਨੌਕਰ
ਕੁੱਤੇ ਦੀ ਰਾਖੀ ਲਈ।

ਅਤੇ ਭਰੂਣ ਹੱਤਿਆ ਦੇ ਵਿਰੋਧ ਵਿੱਚ ਉਹ ਮੀਂਹ ਰੋਕਣ ਲਈ ਗੁੱਡੀ ਫੂਕਣ ਵਾਲੀ ਰਸਮ ਪ੍ਰਤੀਕ ਵਜੋਂ ਵਰਤਦੀ ਹੈ, ਪਰ ਸਹੁਰੇ ਘਰ ਆਪਣੇ ਵਸੇਬੇ ਅਤੇ ਪਤੀ–ਪ੍ਰਮੇਸ਼ਰ ਦੀ ਖੁਸ਼ੀ ਲਈ ਪੇਟ ਵਿਚਲੀ ਬੱਚੀ ਦਾ ਕਤਲ ਕਰਾਉਣ ਲਈ ਸਹਿਮਤ ਹੋ ਜਾਂਦੀ ਹੈ।

* ਪਰ ਅੱਜ ਮੈਂ ਸਹੁਰੇ ਘਰ 'ਚ
ਵੱਸਣ ਦੀ ਸ਼ਰਤ ਅੱਗੇ ਹਰ ਗਈ ਹਾਂ
ਕਰ ਆਈ ਹਾਂ ਆਪਣੀ ਕੁੱਖ ਉਜਾੜ ਕੇ

ਆਪਣੇ ਵੱਸਣ ਦਾ ਹੀਲਾ।

ਉਸਦੀ ਇੱਕ ਖ਼ੂਬਸੂਰਤ ਨਜ਼ਮ 'ਖੇਡ' ਵਿੱਚ ਬਚਪਨ ਦਾ ਹੇਰਵਾ ਬੜੀ ਸ਼ਿੱਦਤ ਨਾਲ ਦਿੱਸਦਾ ਹੈ ਜਿਸ ਵਿੱਚ ਉਹ ਸਿਰਫ਼ ਸਾਈਕਲ ਦੇ ਟੂਟੇ ਲੈਣ ਖ਼ਾਤਿਰ ਜਾਣ-ਬੁੱਝ ਕੇ ਗੁਆਚ ਜਾਣ ਦਾ ਬਹਾਨਾ ਕਰਦੀ ਹੈ ਤੇ ਫਿਰ ਕਿਸੇ ਸਾਈਕਲ ਸਵਾਰ ਨੂੰ 'ਬੇਰੀ ਵਾਲੇ ਘਰ' ਪਹੁੰਚਾਉਣ ਲਈ ਕਹਿਕੇ ਟੂਟਾ ਲੈਕੇ ਮੁੜ ਮੋੜ ਤੇ ਜਾਕੇ ਗੁਆਚ ਜਾਣ ਦਾ ਬਹਾਨਾ ਘੜ ਲੈਂਦੀ ਹੈ। ਇਸ ਡੂੰਘੇ ਅਰਥਾਂ ਵਾਲੀ ਕਵਿਤਾ ਵਿੱਚ ਸ਼ਾਇਰਾ ਅੱਜ ਵੀ ਜਾਣ ਬੁੱਝ ਕੇ ਆਪਣੇ ਅੰਦਰ ਗੁੰਮ ਜਾਣਾ ਲੋਚਦੀ ਹੈ ਕਿ ਸ਼ਾਇਦ ਉਸਦਾ ਮਨਇੱਛਤ ਨਾਇਕ ਉਸਨੂੰ ਮਿਲ ਜਾਵੇ ਅਤੇ ਉਸਨੂੰ ਮੁਹੱਬਤ ਦੇ ਘਰ ਤੱਕ ਛੱਡਣ ਆ ਜਾਵੇ ਅਤੇ ਉਹ ਉਸਦੇ ਸਾਥ ਵਿੱਚ ਮੁੜ-ਮੁੜ ਮੋੜ ਤੇ ਖੜੇ ਹੋਕੇ ਗੁੰਮ ਜਾਣ ਦੇ ਬਹਾਨੇ ਕਰਨੋ ਬਚ ਜਾਵੇ।

ਸ਼ਿਵ ਕੁਮਾਰ ਆਪਣੀ ਕਵਿਤਾ 'ਇਸ਼ਤਿਹਾਰ' ਵਿੱਚ ਲਿਖਦਾ ਹੈ-

ਇੱਕ ਕੁੜੀ-ਜੀਹਦਾ ਨਾਂ ਮੁਹੱਬਤ
ਗੁੰਮ ਹੈ, ਗੁੰਮ ਹੈ, ਗੁੰਮ ਹੈ।

ਆਸ ਕੀਤੀ ਜਾਣੀ ਚਾਹੀਦੀ ਹੈ ਕਿ ਪਰਨੀਤ ਦੀ ਇਸ ਕਾਵਿ-ਕਿਤਾਬ ਦੇ ਆਉਣ ਤੇ ਪੰਜਾਬੀ ਪਾਠਕਾਂ ਨੂੰ ਉਹਨਾਂ ਦੀ ਗੁੰਮ ਚੁੱਕੀ ਮੁਹੱਬਤ ਵਰਗੀ ਕਵਿਤਾ ਲੱਭ ਜਾਣ ਦਾ ਅਹਿਸਾਸ ਜਰੂਰ ਹੋਵੇਗਾ। ਭਾਵੇਂ ਉਹ ਮਸ਼ਹੂਰ ਸਾਇੰਸਦਾਨ ਆਰਕੀਮੀਡੀਜ਼ ਵਾਗ ਉਤੇਜਤ ਹੋਕੇ ਲੱਭ ਗਈ, ਲੱਭ ਗਈ, ਲੱਭ ਗਈ ਕਹਿਣ ਜਾ ਨਾ, ਉਸਦੀ ਇਸ ਕਾਵਿ-ਕਿਤਾਬ ਦਾ ਸੁਆਗਤ ਜ਼ਰੂਰ ਕਰਨਗੇ।

– ਡਾ. ਰਵਿਦਰ

21-R.K. Colony, Cicular Road, Batala, 143505

ਤੇਰੇ ਲਈ

ਨਜ਼ਮ ਦੇ ਅਰਥ ਹਰ ਕਵੀ ਲਈ ਅਲੱਗ-ਅਲੱਗ ਹੁੰਦੇ ਨੇ, ਸ਼ਾਇਰ ਬਣਨ ਲਈ ਕਿਸੇ ਪ੍ਰਾਪਤੀ ਜਾਂ ਅਪ੍ਰਾਪਤੀ ਦੀ ਜ਼ਰੂਰਤ ਨਹੀਂ ਹੁੰਦੀ ਏ, ਇਹ ਇੱਕ ਬਖ਼ਸ਼ਿਸ ਹੈ ਜੋ ਪ੍ਰਮਾਤਮਾ ਨੇ ਸਭ ਨੂੰ ਬਖਸ਼ੀ, ਕੋਈ ਕਾਗਜ਼ ਤੇ ਉਕਰ ਸਕਦਾ ਕੋਈ ਨਹੀਂ। ਪਰ ਹਰ ਇਨਸਾਨ 'ਚ ਇੱਕ ਕਵੀ, ਇੱਕ ਕਲਾਕਾਰ ਛੁਪਿਆ ਹੁੰਦਾ ਤੇ ਉਸ ਨੂੰ ਬਾਹਰ ਲਿਆਉਣ ਦਾ ਕੰਮ ਸਾਡੀ ਜ਼ਿੰਦਗੀ 'ਚ ਵਾਪਰੇ ਹਸੀਨ ਜਾਂ ਗਮਗੀਨ ਹਾਦਸੇ ਕਰਦੇ ਹਨ ਤੇ ਮੇਰਾ ਵਾਸਤਾ ਇਨ੍ਹਾਂ ਦੋਵਾਂ ਹੀ ਨਾਲ ਰਿਹਾ ਏ, ਸੋ ਸ਼ਾਇਰਾ ਬਣ ਗਈ।

ਮੇਰੇ ਕਵਿਤਾ ਲਿਖਣ ਦੇ ਸ਼ੌਕ ਪਿੱਛੇ ਮੇਰੇ ਪਾਪਾ ਦੀ ਇੱਕ ਅਹਿਮ ਭੂਮਿਕਾ ਰਹੀ ਏ। ਮੇਰੀਆਂ ਜੋੜੀਆਂ ਦੋ ਲਾਈਨਾਂ ਨੂੰ ਵੀ ਉਹ ਬਹੁਤ ਉਤਸ਼ਾਹ ਦਿੰਦੇ ਤੇ ਬਕਾਇਦਾ ਮੈਨੂੰ ਗੁਣ-ਗੁਣਾ ਕੇ ਵੀ ਸੁਣਾਉਂਦੇ। ਮੈਨੂੰ ਇਹ ਦੱਸਦਿਆਂ ਵੀ ਮਾਣ ਹੋ ਰਿਹਾ ਏ ਕਿ ਉਹ ਸੰਗੀਤ ਦੇ ਮਾਹਿਰ ਸੀ ਤੇ ਕਹਿੰਦੇ ਸੀ ਕਿ ਇੱਕ ਅਗੰਮੀ ਧੁਨ ਉਨ੍ਹਾਂ ਦੇ ਅੰਦਰ ਹਮੇਸ਼ਾ ਚੱਲਦੀ ਰਹਿੰਦੀ ਹੈ, ਜੋ ਚਾਹ ਕੇ ਵੀ ਗਾ ਨਹੀਂ ਹੁੰਦੀ। ਉਨ੍ਹਾਂ ਦੀਆਂ ਸ਼ਾਇਰੀ ਵਰਗੀਆਂ ਗੱਲਾਂ ਮੈਨੂੰ ਬਹੁਤ ਚੰਗੀਆਂ ਲੱਗਦੀਆਂ ਸੀ। ਮੇਰੇ ਤੇ ਉਨ੍ਹਾਂ ਦੀ ਜ਼ਿੰਦਗੀ ਦਾ ਬਹੁਤ ਪ੍ਰਭਾਵ ਰਿਹਾ ਹੈ। ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਬਦਲਾਅ ਪਾਪਾ ਦਾ ਸਾਨੂੰ ਹਮੇਸ਼ਾ ਲਈ ਛੱਡਕੇ ਚਲੇ ਜਾਣਾ। ਉਸ ਦਿਨ ਤੋਂ ਬਾਅਦ ਹੀ ਮੈਂ ਆਪਣੀ ਹਰ ਨਜ਼ਮ ਨੂੰ ਡਾਇਰੀ 'ਚ ਲਿਖਣਾ ਸ਼ੁਰੂ ਕੀਤਾ। ਮੇਰੇ ਪਾਪਾ ਹੀ ਮੇਰੇ ਗੁਰੂ ਸਨ। ਸ਼ੁਕਰਗੁਜ਼ਾਰ ਹਾਂ ਉਸ ਵਾਹਿਗੁਰੂ ਦਾ ਜਿਸਨੇ ਮੈਨੂੰ ਬਹੁਤ ਵਧੀਆ ਪਰਿਵਾਰ ਨਾਲ ਨਿਵਾਜ਼ਿਆ। ਮੇਰੇ ਪਰਿਵਾਰ ਦਾ ਸਾਥ ਤੇ ਉਨ੍ਹਾਂ ਦੇ ਪਿਆਰ ਸਦਕਾ ਹੀ ਮੇਰੀ ਕਿਤਾਬ ਤੁਹਾਡੇ ਹੱਥਾਂ 'ਚ ਹੈ। ਇਸਦਾ ਸਭ ਤੋਂ ਵੱਧ ਤੇ ਸਭ ਤੋਂ ਪਹਿਲਾ ਧੰਨਵਾਦ ਮੇਰੇ ਪਰਿਵਾਰ ਨੂੰ ਹੀ ਜਾਂਦਾ ਹੈ।

ਖ਼ੈਰ ਗੱਲ ਇੱਕ-ਦੋ ਸਫ਼ਿਆਂ 'ਚ ਮੁੱਕ ਜਾਣ ਵਾਲੀ ਨਹੀਂ, ਲੰਮੀ ਕਹਾਣੀ ਹੈ, ਫਿਰ ਕਦੇ ਸਹੀ। ਹੁਣ ਤੱਕ ਜੋ ਵੀ ਲਿਖਿਆ ਮਿਥ ਕੇ ਨਹੀਂ ਲਿਖਿਆ ਰੱਬ ਜਾਣੇ ਉਹ ਕਿਹੜੀ ਅਣ-ਦੇਖੀ ਸ਼ਕਤੀ ਹੈ ਜਿਸਦਾ ਇੰਤਜ਼ਾਰ, ਮਨ ਬੇਚੈਨ ਕਰ ਦਿੰਦਾ ਏ ਤੇ ਨਜ਼ਮ ਜਨਮ ਲੈਂਦੀ ਹੈ। ਇੰਤਜ਼ਾਰ ਹੈ ਮੁਹੱਬਤ ਦਾ, ਇੰਤਜ਼ਾਰ ਨਜ਼ਮ ਦਾ,

ਪਤਾ ਨਹੀਂ ਕਿਸਦਾ, ਕਵਿਤਾ ਦਾ ਸਫ਼ਰ ਚਲ ਰਿਹਾ ਏ ਤੇ ਚਲਦਾ ਰਹੇਗਾ....।

ਆਖ਼ਿਰ 'ਚ ਬਹੁਤ ਧੰਨਵਾਦੀ ਹਾਂ, ਡਾ. ਰਵਿੰਦਰ ਜੀ ਅਤੇ ਡਾ. ਸੁਰਜੀਤ ਪਾਤਰ ਜੀ ਦੀ, ਜਿਨ੍ਹਾਂ ਨੇ ਐਨੇ ਰੁਝੇਵਿਆਂ ਦੇ ਬਾਵਜੂਦ ਮੇਰੇ ਲਫ਼ਜ਼ਾਂ ਨੂੰ ਸਤਿਕਾਰ ਬਖਸ਼ਿਆ, ਪੜ੍ਹਿਆ ਤੇ ਮੈਂ ਤੁਹਾਡੇ ਰੁਬਰੂ ਹਾਂ। ਮੈਂ ਪ੍ਰਮਾਤਮਾ ਕੋਲ ਦੁਆ ਕਰਦੀ ਹਾਂ ਕਿ ਉਹ ਮੇਰੇ ਪਾਠਕਾਂ, ਦੋਸਤਾਂ ਨੂੰ ਸਲਾਮਤ ਰੱਖੇ, ਜਿਨ੍ਹਾਂ ਨੇ ਮੇਰੀਆਂ ਨਜ਼ਮਾਂ ਨੂੰ ਏ ਨਾ ਪਿਆਰ ਤੇ ਮਾਣ ਦਿੱਤਾ। ਉਮੀਦ ਕਰਦੀ ਹਾਂ ਕਿ ਮੇਰੀ ਇਹ ਕਿਤਾਬ ਤੁਹਾਡੇ ਅੰਦਰ ਛੁਪੀ ਮੁਹੱਬਤ ਦੀ ਮੌਜੂਦਗੀ ਜ਼ਾਹਿਰ ਕਰ ਸਕੇਗੀ। ਤੁਸੀਂ ਸਭ ਆਪਣੀ ਗੁੰਮ ਹੋ ਗਈ ਮੁਹੱਬਤ ਦੇ ਲੱਭ ਜਾਣ ਦੀ ਮੈਨੂੰ ਜ਼ਰੂਰ ਖ਼ਬਰ ਕਰੋਗੇ।

ਹਮੇਸ਼ਾ ਤੁਹਾਡੀ ਮੁਹੱਬਤ 'ਚ

-ਪਰਨੀਤ

ਆਗਾਜ਼

ਸਰਵਰਕ ਨਾ ਵੇਖ
ਕਵਿਤਾ ਪੜ੍ਹ,
ਡਰ ਨਾ,
ਤੇਰਾ ਨਾਂ,
ਕਿਤੇ ਨਹੀਂ ਲਿਖਿਆ,
ਪਹਿਲੀ ਕਿਤਾਬ ਹੈ,
ਆਗਾਜ਼ ਹੈ
ਤੂੰ ਅੰਜਾਮ ਸੋਚ....।
00

ਲਾਲ-ਬੱਤੀ

ਸੋਲ੍ਹਵਾਂ ਵਰ੍ਹਾ
ਜ਼ਿੰਦਗੀ ਦਾ ਸਭ ਤੋਂ
ਹਸੀਨ ਵਰ੍ਹਾ
ਬਹੁਤ ਸੰਭਾਲਿਆ....।

ਉਸਤੋਂ ਵੱਧ ਸਾਂਭੀਆਂ
ਉਸ ਨਾਲ
ਜੁੜੀਆਂ
ਸਾਰੀਆਂ ਯਾਦਾਂ....।
ਹੁਣ ਵੀ ਹਿੱਕ 'ਚ ਸੂਲ਼
ਉੱਠਦੀ ਏ
ਜਦ ਯਾਦ ਆਉਂਦੀ ਏ
ਮਾਂ-ਪਿਓ ਦੀ ਮੌਤ.....।

ਉਨ੍ਹਾਂ ਦੇ ਹੁੰਦਿਆਂ
ਹਰ ਰਾਹ ਤੇ ਖ਼ਤਰੇ ਦਾ ਨਿਸ਼ਾਨ ਸੀ
ਬਾਅਦ 'ਚ ਮੈਂ ਪਾਰ ਕਰ ਗਈ
ਸੋਲਵੇਂ ਵਰ੍ਹੇ ਦੇ ਚੌਂਕ 'ਚ ਲੱਗੀ 'ਲਾਲ-ਬੱਤੀ'।
00

ਰੂਹ ਦਾ ਜ਼ਖ਼ਮ

ਜਦ ਵੀ ਤਖ਼ਤ ਹਜ਼ਾਰੇ ਦੇ
ਰਾਹ ਵੱਲ ਤੁਰੀ
ਸਿਆਲਾਂ ਦੇ ਦੋ-ਮੂੰਹਿਆਂ ਨੇ
ਡੰਗਿਆਂ ਏ ਮੈਨੂੰ
ਪਿੱਛੇ ਮੁੜਨਾ ਫਿਤਰਤ ਨਹੀਂ ਮੇਰੀ
ਤੇਰੇ ਪਿੰਡ ਨਾ ਪਹੁੰਚਣਾ ਮੇਰੀ ਬੇਵਸੀ
ਜ਼ਹਿਰ ਤਾਂ ਤੇਰੀ ਯਾਦ ਦੇ ਗੀਤ ਗਾ
ਉਤਰ ਜਾਂਦਾ ਏ
ਪਰ ਰੂਹ ਦਾ ਜ਼ਖ਼ਮ
ਜਦ ਵੀ ਡੰਗਿਆ ਗਿਆ
ਹੋਰ ਡੂੰਘਾ ਹੋ ਜਾਂਦਾ ਏ.....!

00

ਸਿਆਸਤ

ਉਹ
ਗਰੀਬਾਂ ਲਈ ਲੜਦਾ
ਐਨਾ ਦੌਲਤਮੰਦ ਹੋ ਗਿਆ
ਕਿ
ਹਰ ਗਰੀਬ ਲਈ ਉਸਦਾ
ਦਰਵਾਜ਼ਾ ਬੰਦ ਹੋ ਗਿਆ....!

00

ਕਵੀ-ਦਰਬਾਰ

ਹੁਸਨ ਦੀ ਗੱਲ ਚੱਲੀ
ਮੇਰੇ ਤੇ ਆਕੇ ਮੁੱਕ ਗਈ
ਮੇਰੀ ਨਜ਼ਮ ਦੀ ਗੱਲ ਚੱਲੀ
ਤੇਰੇ ਤੇ ਆਕੇ ਮੁੱਕ ਗਈ...!

00

ਤਜ਼ਰਬਾ

ਆਪਣਾ ਇੱਕ ਸੁਪਨਾ ਏ ਕਿ
ਆਪਣਾ ਸਿਰਨਾਵਾਂ ਇੱਕ ਹੋਵੇ
ਆਪਾਂ ਸੁਪਨਾ ਤਾਂ ਸੱਚ ਨਹੀਂ ਕਰ ਸਕਦੇ
ਨਹੀਂ ਕੱਢ ਸਕਦਾ ਤੂੰ
ਆਪਣੀ ਮਾਂ ਦਾ ਕਾਲਜਾ
'ਤੇ ਮੈਂ ਨਹੀਂ ਲੀਰੋ-ਲੀਰ ਕਰ ਸਕਦੀ
ਪੱਗ ਆਪਣੇ ਪਿਓ ਦੀ
ਚੱਲ ਚੜ੍ਹ ਜਾਈਏ ਫਰਜ਼ਾ ਦੀ ਫਾਂਸੀ
ਆ....ਆਪਣੀ ਮਜਬੂਰੀ ਨੂੰ
ਕੁਰਬਾਨੀ ਸਮਝਕੇ, ਵਿਛੜ ਜਾਈਏ
ਵੇਖੀਏ ਕਿ ਸੱਚੀਂ ਵਿਛੜਕੇ
ਮਰ ਜਾਵਾਂਗੇ ਕਿ
ਐਵੇਂ ਮਨ ਦਾ ਵਹਿਮ ਹੈ
ਨਹੀਂ ਮਰਾਂਗੇ ਆਪਾਂ, ਯਕੀਨ ਜਾਣੀਂ।
ਪਰ ਕਿਤੇ ਨਾ ਕਿਤੇ
ਅਚਨਚੇਤ
ਮਿਲਾਂਗੇ ਜ਼ਰੂਰ
ਤੂੰ ਐਨੀ ਭੀੜ 'ਚ ਵੀ
ਪਛਾਣ ਲਏਂਗਾ ਮੈਨੂੰ
ਪਰ ਚੁਰਾਏਂਗਾ ਨਜ਼ਰਾਂ
ਤੇ ਮੈਂ ਕਰਾਂਗੀ ਤੈਨੂੰ
ਦੇਖਕੇ, ਅਣਦੇਖਿਆ।
ਫਿਰ ਤੁਰ ਪਵਾਂਗੇ ਆਪੋ-ਆਪਣੇ ਰਾਹ
ਇਹ ਸੋਚਦੇ ਕਿ
ਪਿਆਰ 'ਚ ਕੁੱਝ ਤਾਂ ਖੱਟਿਆ

ਕੋਈ ਤਾਂ ਤਜਰਬਾ ਹੋਇਆ
ਕਿ ਆਪਾਂ ਅਜੇ ਵੀ ਜਿਊਂਦੇ ਹਾਂ
ਵਿਛੜਕੇ.....!

00

ਮਾਫ਼ੀ

ਕੋਤਵਾਲ ਬਿਆਨ ਲਿਖਦਾ ਏ
ਕੀ ਬਿਆਨ ਦਿਆਂ ਉਸਨੂੰ
ਲਿਖ ਲਓ, ਕਿ ਸਭ ਸੱਚ ਹੈ
ਸਾਰੇ ਦੋਸ਼ ਸਹੀ ਨੇ
ਮੇਰਾ ਜੁਰਮ, ਮੈਂ ਉਸਦਾ
ਦਿਲ ਟੁਕੜੇ-ਟੁਕੜੇ ਕੀਤਾ
ਪਰ ਹੁਣ ਟੁਕੜੇ ਹੂੰਝ ਦਿਓ
ਰਾਹ ਸਾਫ਼ ਕਰ ਦਿਓ
ਤੇ ਮੇਰੀ ਪਹਿਲੀ ਗਲਤੀ ਹੈ (ਮੁਹੱਬਤ)
ਮਾਫ਼ ਕਰ ਦਿਓ....।
00

ਦਰਦ

ਕਈ ਵਾਰ
ਮਾਹੌਲ ਵੀ ਹੁੰਦਾ
ਖਿਆਲ ਵੀ
ਪਰ ਕਵਿਤਾ 'ਚ ਓਨਾ
ਦਰਦ ਨਹੀਂ ਲਿਖਿਆ ਜਾਂਦਾ
ਜਿੰਨਾਂ ਤੂੰ ਬਖ਼ਸ਼ਿਆ...।
00

ਸੁਪਨਾ

ਮੇਰੀਆਂ ਅੱਖਾਂ 'ਚੋਂ
ਚਮਕ ਜਾਂਦੀ ਰਹੀ।
ਨੀਂਦ ਜਾਂਦੀ ਰਹੀ,
ਕੱਜਲ ਜਾਂਦਾ ਰਿਹਾ,
ਜਾਂਦੀ ਰਹੀ ਮੇਰੀ ਨਜ਼ਰ ਵੀ
ਕਾਸ਼ ਤੇਰਾ ਸੁਪਨਾ ਨਾ ਵੇਖਦੀ
ਘੱਟੋ ਘੱਟ
ਅੱਖਾਂ ਤਾਂ ਬਚ ਜਾਂਦੀਆਂ...।

00

ਤਾਸ਼ ਦਾ ਘਰ

ਉਹ ਬਚਾ ਰਿਹਾ ਏ ਮੈਨੂੰ
ਕਿਸੇ ਡੂੰਘੀ ਸਾਜ਼ਿਸ਼ ਤੋਂ,
ਚੁਗਾਉਂਦਾ ਏ ਤਲੀਆਂ ਤੇ ਚੋਗ
ਤਾਂ ਜੋ ਨਾ ਫਸ ਜਾਵਾਂ ਕਿਸੇ ਬਾਰੀਕ ਜਾਲ਼ ਵਿੱਚ,
ਸਿਖਾਉਂਦਾ ਏ ਕੱਚੇ ਤੇ ਤਰਨਾਂ
ਮਨਾ ਕਰਦਾ ਏ ਸਿਫਤਾਂ ਦੇ ਪੁਲ਼ ਤੋਂ ਦੀ
ਪਾਰ ਜਾਣ ਲਈ,
ਉਹ ਮੇਰੀ ਮਹਿਫ਼ਲ ਦਾ ਨਹੀਂ
ਮੇਰੀ ਇਕੱਲੀ ਪਿਘਲਦੀ ਤਨਹਾਈ ਦਾ
ਸਾਥੀ ਏ,
ਪਰ ਨਹੀਂ ਜਾਣਦਾ ਉਹ, ਕਿ
ਸੌਖਾ ਏ ਮੇਰੇ ਲਈ ਇਹ ਸਭ
ਸਹਿਣ ਕਰਨਾ
ਔਖਾ ਏ ਮੇਰੇ ਲਈ ਗਮਾਂ ਦੇ ਹਨ੍ਹੇਰਿਆਂ 'ਚ
ਗੁਲਾਬੀ ਸੁਪਨੇ ਵੇਖਣਾ,
ਤੇ ਬਣਾ ਕੇ ਰੱਖਣਾ
ਇਹ ਰਿਸ਼ਤਾ
ਬਚਾ ਕੇ ਰੱਖਣਾ
ਇਹ ਤਾਸ਼ ਦਾ ਘਰ।
00

ਜੀਹਦਾ ਨਾਮ ਮੁਹੱਬਤ

ਅਕਸਰ ਸੁਪਨੇ 'ਚ,
ਇੱਕ ਸ਼ਾਇਰ ਨੂੰ ਲੱਭਦਿਆਂ
ਵੇਖਦੀ ਹਾਂ ਇੱਕ ਕੁੜੀ,
ਜੀਹਦਾ ਨਾਮ ਮੁਹੱਬਤ
ਅਨਾਰ-ਕਲੀ ਦੇ ਇਸ਼ਕ ਨੂੰ
ਚਿਣਦਿਆਂ ਦੀਵਾਰ ਵਿੱਚ
ਥਲਾਂ 'ਚ ਲਹੂ-ਲੁਹਾਣ ਪੈਰਾਂ
ਲੱਭਦੀਆਂ ਉਹ ਥਾਂ
ਜਿੱਥੇ ਦੋ ਦਿਲਾਂ ਨੂੰ ਮਿਲਣ ਦੀ
ਇਜ਼ਾਜ਼ਤ ਹੋਵੇ।
ਝੁਭਕ ਕੇ ਉੱਠਦੀ ਹਾਂ
ਤੇਰੀ ਤਸਵੀਰ ਕਿਤਾਬ 'ਚੋਂ ਕੱਢ
ਰੱਖ ਲੈਂਦੀ ਹਾਂ ਸਰ੍ਹਾਣੇ ਥੱਲੇ
ਜਾਗਦੀਆਂ ਅੱਖਾਂ ਨਾਲ ਵੇਖਦੀ ਹਾਂ
ਸੁਪਨਾ, ਸੁਪਨੇ 'ਚ ਖੋਲਦੀ ਹਾਂ
ਕੋਈ ਸਾਇੰਸਦਾਨ, ਜਿਹੜਾ
ਗਿਆਂ ਨੂੰ ਮੋੜ ਲਿਆਵੇ
ਕੋਈ ਜੋਗੀ, ਜਿਹੜਾ
ਸੱਚ ਸੁਣਾਵੇ....!

00

ਖਿਆਲ

ਉਸਨੇ ਆਪਣਾ ਦਿਲ
ਕਰ ਲਿਆ ਏ ਵਸ 'ਚ
ਹਰ ਵਸੀਲੇ ਮੈਨੂੰ
ਭੁੱਲਣ ਨੂੰ ਤਿਆਰ,

ਮੇਰੇ ਸਾਹ 'ਚੋਂ ਵੀ
ਆਉਂਦੀ ਏ ਖੁਸ਼ਬੂ ਉਸਦੀ
ਮੈਂ ਭਰਕੇ ਉਸਦੇ ਖ਼ਿਆਲ 'ਚ
ਭੁੱਲਣ ਨੂੰ ਤਿਆਰ....!
00

ਝਾਂਜਰਾਂ

ਮੇਰੇ ਮਹਿੰਦੀ ਵਾਲੇ ਪੈਰਾਂ ਲਈ
ਬੇੜ੍ਹੀਆਂ,
ਇਸ ਸ਼ਹਿਰ 'ਚ ਹੀ ਮਿਲ ਗਈਆਂ ਸੀ
ਬਾਪੂ ਸੀ...
...ਉੱਝ ਤੇਰਾ ਪਿੰਡ ਕਿਹੜਾ ਦੂਰ ਸੀ।
00

ਜ਼ਿੰਦਗੀ

ਉਹ ਕਦੀ ਵੀ ਨਹੀਂ ਪੜ੍ਹਦਾ
ਮੇਰਾ ਖ਼ਤ
ਬਸ ਜਦ ਬੇਚੈਨ ਹੁੰਦਾ
ਚੁੰਮਦਾ ਤੇ ਲਾ ਲੈਂਦਾ
ਹਿੱਕ ਨਾਲ,
ਕਹਿੰਦਾ ਤੇਰੇ ਖ਼ਤ 'ਚੋਂ
ਆਉਂਦੀ ਏ ਮਹਿਕ
ਤੇਰੇ ਜਿਸਮ ਦੀ
'ਤੇ ਚਲਦਾ ਏ ਮੇਰਾ ਸਾਹ....।

00

ਮੁਹੱਬਤ

ਮੁਹੱਬਤ....???
ਕਰ,
ਪਰ ਯਾਦ ਰੱਖੀਂ
ਹਰ ਇਲਜ਼ਾਮ ਤੇਰੇ ਸਿਰ ਹੀ ਆਉਣਾ
ਫੇਰ ਨਾ ਆਖੀਂ ਜੇ
ਮੈਂ ਖੇੜਿਆਂ ਦੇ ਰਾਹ ਪੈ ਗਈ
ਧਰਤੀ ਦੇ ਪਾਸਾ ਵੱਟ ਲੈਣ ਨੂੰ ਹੀ
ਸੂਰਜ ਦਾ ਡੁੱਬ ਜਾਣਾ ਕਹਿੰਦੇ ਨੇ ਲੋਕ!
00

ਅੰਜ਼ਾਮ

ਨਾ ਵੇਖ ਮੇਰੀਆਂ
ਕੱਜਲ ਭਰੀਆਂ ਅੱਖਾਂ,
ਨਾ ਵੇਖ ਮੇਰੇ
ਮੁਖੜੇ ਦਾ ਤਿਲ,
ਨਾ ਵੇਖ ਚਿਹਰੇ ਤੇ
ਬਿਖ਼ਰੀਆਂ ਜ਼ੁਲਫ਼ਾਂ,
ਚੱਲ ਤੇਰੀ ਮਰਜੀ,
ਲੱਗਦਾ ਤੂੰ ਅਜੇ ਜਾਣੂੰ ਨ੍ਹੀ
ਮੁਹੱਬਤ ਦੇ ਖ਼ੌਫਨਾਕ
ਇਰਾਦਿਆਂ ਤੋਂ...!

00

ਭਟਕਣਾ

ਤੇਰੀ ਨਜ਼ਮ
ਤੇਰੀ ਤਸਵੀਰ,
ਪਰ ਕੋਈ ਥਹੁ-ਪਤਾ ਨ੍ਹੀ
ਭਟਕਣਾ ਹੀ ਭਟਕਣਾ...।

ਤੇਰੀ ਨਜ਼ਮ,
ਤੇਰੀ ਤਸਵੀਰ,
ਤੇਰਾ ਪਤਾ,
ਫਿਰ ਵੀ
ਭਟਕਣਾ ਹੀ ਭਟਕਣਾ...।।

00

ਪਿਆਰ ਦਾ ਦਰਿਆ

ਮੇਰਾ ਪਿਆਰ.....
ਮੇਰਾ ਪਿਆਰ,
ਤੇਰੀ ਖ਼ਾਤਿਰ,
ਸਾਡੇ ਸ਼ਹਿਰ 'ਚ
ਵਗਦੇ ਉਸ ਦਰਿਆ ਦੀ ਤਰ੍ਹਾਂ,
ਜੋ ਵਹਿ ਰਿਹਾ ਏ
ਖ਼ਤਰੇ ਦੇ ਨਿਸ਼ਾਨ ਤੋਂ ਉੱਪਰ।

ਹੱਸਦੀ ਹਾਂ,
ਤੇਰਾ ਬਚਾਅ ਕਾਰਜ ਵੇਖਕੇ,
ਮਿੱਟੀ ਦੀਆਂ ਬੋਰੀਆਂ ਭਰ-ਭਰ
ਬੰਨ੍ਹ ਲਾ ਰਿਹੈਂ ਤੂੰ,
ਆਪਣੀ ਸੋਚ ਦੇ ਬੂਹੇ ਅੱਗੇ।

ਖ਼ੁਰਦੀ ਜਾ ਰਹੀ ਏ ਪਲ-ਪਲ
ਤੇਰੇ ਇਨਕਾਰ ਦੀ ਮਿੱਟੀ,
ਮੀਂਹ ਪੈ ਰਿਹੈ
ਉਸੇ ਰਫ਼ਤਾਰ ਨਾਲ,
ਪਿਆਰ ਦਾ ਦਰਿਆ
ਵਹਿ ਰਿਹੈ,
ਖ਼ਤਰੇ ਦੇ ਨਿਸ਼ਾਨ ਤੋਂ ਉੱਪਰ।
00

ਖੇਡ

ਬਚਪਨ ਵੀ ਆਇਆ ਸੀ ਕਦੇ
ਯਾਦ ਹੀ ਨਹੀਂ,
ਇੱਕ ਗੱਲ ਯਾਦ ਹੈ ਕਿ
ਮੈਂ ਸਭ ਤੋਂ ਚੋਰੀ,
ਘਰੋਂ ਦੂਰ, ਇੱਕ ਮੋੜ ਤੇ ਖੜ੍ਹ ਜਾਂਦੀ
ਦੂਰੋਂ ਆਉਂਦਾ ਵੇਖ ਕੋਈ ਵੀ
ਸਾਈਕਲ
ਖੁਸ਼ ਹੋ ਜਾਂਦੀ...।

ਜਦ ਸਾਈਕਲ ਕੋਲ਼ ਆ ਜਾਂਦਾ
ਤਾਂ ਕਹਿੰਦੀ,''ਮੈਂ ਖੋ ਗਈ ਹਾਂ,
ਮੈਂ ਬੇਰੀ ਵਾਲ਼ੇ ਘਰ ਜਾਣਾ।''
ਸਭ ਜਾਣਦੇ ਸੀ ਮੇਰਾ ਘਰ
ਸਾਈਕਲ ਦੇ ਪਿੱਛੇ ਬੈਠਦੀ,
ਘਰ ਅੱਗੇ ਉਤਰਦੀ,
ਕੁੱਝ ਪਲ ਰੁਕਦੀ,
ਫੇਰ ਚਲੀ ਜਾਂਦੀ ਉਸੇ ਮੋੜ ਤੇ
ਕਿਸੇ ਹੋਰ ਦੀ ਉਡੀਕ ਕਰਨ,
ਕਿਹੋ-ਜਿਹੀ ਖੇਡ ਸੀ
ਰੱਬ ਜਾਣੇ....।
ਅੱਜ ਜ਼ਿੰਦਗੀ ਦੇ ਅਰਥ
ਤਲਾਸ਼ਦਿਆਂ ਕਿਤਾਬਾਂ 'ਚੋਂ,
ਪਿਆਰ ਤਲਾਸ਼ਦਿਆਂ ਤੇਰੇ 'ਚੋਂ,
ਤੈਨੂੰ ਤਲਾਸ਼ਦਿਆਂ ਆਪਣੇ-ਆਪ 'ਚੋਂ
ਮੈਂ ਖੋ ਗਈ ਹਾਂ,

ਜ਼ਿੰਦਗੀ ਫੇਰ ਉਸੇ ਮੋੜ ਤੇ ਲੈ ਆਈ ਏ
ਦਿਲ ਕਰਦਾ ਫੇਰ ਕਰਾਂ ਉਡੀਕ ਕਿਸੇ ਦੀ
ਫੇਰ ਕਹਾਂ ਕਿਸੇ ਨੂੰ
''ਮੈਂ ਖੋ ਗਈ ਹਾਂ,
ਮੈਂ ਬੇਰੀ ਵਾਲੇ ਘਰ ਜਾਣਾ....।''
00

ਗੁੰਮਸ਼ੁਦਾ ਦੀ ਤਲਾਸ਼

ਦਿਲ
ਖੋ ਗਿਆ ਹੈ,
ਸੂਚਨਾ ਦੇਣ ਵਾਲੇ ਦਾ
ਨਾਂ ਤੇ ਪਤਾ ਗੁਪਤ ਰੱਖਿਆ ਜਾਵੇਗਾ।
00

ਕਲਯੁੱਗ

ਕੀ ਲੱਗਦੀ ਹਾਂ ਅੱਜ ਮੈਂ ਸੋਹਣੀ
ਕੀ ਵੇਖਣਗੇ ਸਾਰੇ ਮੇਰੇ ਵੱਲ
ਪੁੱਛਦੀ ਹਾਂ
ਆਪਣੇ ਪਤੀ ਕੋਲੋਂ...!

00

ਡਰ

ਦਿਲ ਕਰਦੈ
ਪਿਆਰ ਕਰਾਂ
ਤਾਰੇ ਗਿਣਾਂ
ਹੰਝੂ ਮਿਣਾ
ਬੇਸੁਧ ਹੋ ਕੇ
ਬੇ-ਤਹਾਸ਼ਾ ਪਿਆਰ ਕਰਾਂ
ਕਿਵੇਂ ਬਚਾਵਾਂ ਖ਼ੁਦ ਨੂੰ
ਆਪਣੇ-ਆਪ ਤੋਂ...!
00

ਛੱਲਾ

ਮੈਂ ਅੱਜ ਮਹਿੰਦੀ ਨਾਲ
ਆਪਣੇ ਹੱਥ ਰੰਗ ਲਏ
ਕੁੱਝ ਮਹਿਕਦੇ ਫੁੱਲ
ਗੁੱਤ ਵਿੱਚ ਟੰਗ ਲਏ।

ਅੱਖਾਂ 'ਚ ਸੁਰਮਾ ਪਾ ਲਿਆ
ਸੂਰਜ ਬੱਦਲਾ 'ਚ ਲੁਕਾ ਲਿਆ
ਬਾਹੀਂ ਚੂੜਾ ਪਾ ਲਿਆ
ਅਲ੍ਹੜਪੁਣੇ ਦਾ ਸਫਰ ਮੁਕਾ ਲਿਆ।

ਮੈਂ ਸੂਹੀ ਫੁਲਕਾਰੀ ਲੈ ਕੇ
ਨਿਰੀ ਧੁੱਪ ਵਰਗੀ ਲੱਗਦੀ ਹਾਂ
ਹਾਸਿਆਂ ਦੇ ਸ਼ੋਰ ਵਿੱਚ ਵੀ
ਤੇਰੀ ਚੁੱਪ ਵਰਗੀ ਲੱਗਦੀ ਹਾਂ।

ਪਰ ਤੇਰਾ ਦਿੱਤਾ ਛੱਲਾ
ਨਹੀਂ ਪਾਇਆ ਗਿਆ
ਮੈਥੋਂ ਗਮਾਂ ਦਾ ਪਹਾੜ
ਉਂਗਲੀ ਤੇ ਨਹੀਂ ਟਿਕਾਇਆ ਗਿਆ।
00

ਫ਼ਕੀਰੀ

ਉਸਨੇ ਮੁਹੱਬਤ ਕੀਤੀ ਸੀ
ਕਿਸੇ ਨਾਲ,
ਕਹਿੰਦੇ ਉਸ ਮੁਹੱਬਤ ਨੇ
ਉਸਨੂੰ ਫ਼ਕੀਰ ਕਰਤਾ
'ਤੇ ਹੁਣ ਮੇਰੀ ਨਜ਼ਰ
ਉਸਦੀ 'ਫ਼ਕੀਰੀ' ਤੇ ਹੈ..!
00

ਮੁਲਾਕਾਤ

ਕੌਫ਼ੀ ਦੇ ਕੱਪ ਤੇ
ਲਿਪਸਟਿੱਕ ਦੇ ਨਿਸ਼ਾਨ
ਉਸਨੂੰ ਚੁੰਮਣ ਲੱਗਦੇ ਸੀ
ਇੱਕ ਵੇਲ਼ਾ ਸੀ,
ਅੱਜ ਉਹੀ ਕੱਪ ਲੱਗਦਾ ਉਸਨੂੰ
ਜੂਠਾ...।
ਕਹਿੰਦਾ,
ਅੱਜ ਆਪਣੀ ਆਖ਼ਿਰੀ ਮੁਲਾਕਾਤ,
ਐਨੀਆਂ ਮੁਲਾਕਾਤਾਂ ਤੋਂ ਬਾਅਦ
ਮੈਨੂੰ ਇਹੀ ਲੱਗਦੈ ਕਿ ਆਪਣੇ
ਵਿਚਾਰ ਨ੍ਹੀ ਮਿਲਦੇ ਆਪਣੇ....।

ਮੈਂ ਦੁਪੱਟੇ ਨਾਲ
ਢੱਕਦੀ ਹਾਂ ਆਪਣਾ ਆਪ
ਜੋ ਵਿਚਾਰਾਂ ਤੋਂ ਪਹਿਲਾਂ
ਉਸਦੇ ਮੇਚ ਆਉਂਦਾ ਸੀ...।

ਕਾਫ਼ੀ ਮੁੱਕਦੀ ਹੈ, ਗੱਲ ਮੁੱਕਦੀ ਹੈ
ਬੈਰ੍ਹੇ ਨੂੰ ਬਿੱਲ ਨਾਲ ਦਿੱਤੀ ਟਿਪ
ਉਸਨੂੰ ਆਪਣੇ ਰੁਤਬੇ ਦੀ ਬੁਲੰਦੀ ਨਜ਼ਰ ਆਉਂਦੀ ਹੈ,
'ਤੇ ਮੈਨੂੰ ਰਿਸ਼ਤਾ ਟੁੱਟ ਜਾਣ 'ਤੇ
ਗੱਲ ਮੁੱਕ ਜਾਣ ਤੇ
ਲਾਗੀ ਨੂੰ ਦਿੱਤੀ ਵਧਾਈ।
00

ਨਜ਼ਰੀਆ

ਉਸਦੀਆਂ ਅੱਖਾਂ 'ਚ
ਇੱਕ ਸੱਚਾਈ ਵੇਖਕੇ,
ਉਸਦੇ ਬੇਵਫ਼ਾ ਹੋਣ ਦਾ
ਡਰ ਮੈਂ ਦਿਲੋਂ ਕੱਢ ਦਿੱਤਾ....।

ਉਸ ਬੂਟੇ ਦੀ ਜੜ੍ਹ ਜਿੱਥੇ
ਪੈਰ ਧਰਾਂ ਉੱਥੇ ਹੀ ਰੜਕਦੀ ਏ
ਉਸਨੇ ਸੱਧਰਾਂ ਦਾ ਬੂਟਾ ਖ਼ਬਰੇ
ਕਾਹਦੇ ਨਾਲ ਵੱਢ ਦਿੱਤਾ....।

ਮੈਂ ਤਾਂ ਸਭ ਕੁੱਝ ਭੁਲਾ ਕੇ
ਉਸਦੇ ਘਰ ਵੱਲ ਤੁਰਦੀ ਰਹੀ
'ਇਹ ਰਸਤਾ ਆਮ ਨਹੀਂ' ਦਾ ਫੱਟਾ
ਉਸਨੇ ਹਰ ਮੋੜ ਤੇ ਗੱਡ ਦਿੱਤਾ...।

ਉਹ ਤਾਂ ਸੱਚ ਹੀ ਕਹਿੰਦਾ ਸੀ
ਤੈਨੂੰ ਆਪਣੀ ਬਣਾਕੇ ਛੱਡਾਂਗਾ
ਮੈਂ ਨਹੀਂ ਸੀ ਮੰਨਦੀ, ਪਰ ਉਹੀ ਹੋਇਆ
ਉਸਨੇ ਮੈਨੂੰ ਆਪਣੀ ਬਣਾਕੇ ਛੱਡ ਦਿੱਤਾ....।
00

ਤਾਕੀਦ

‘‘ਚੰਗਾ ਕੀ ਹੈ?
ਬਿਨ੍ਹਾਂ ਗੱਲੋਂ ਹੱਸਣਾ
ਚੰਗਾ ਨ੍ਹੀ ਹੁੰਦਾ।’’
ਹਰ ਵਾਰ ਹੱਸਣ ਤੋਂ ਬਾਅਦ
ਇਹੀ ਗੱਲ ਮਿਲਦੀ ਸੀ ਸੁਣਨ ਨੂੰ...।
ਉਮਰ ਹੀ ਅਜਿਹੀ ਸੀ,
ਸਕੂਲ ਦੀ ਵਰ੍ਹਦੀ ਨੇ
ਆਉਣ ਵਾਲੇ ਕੱਲ੍ਹ ’ਤੇ
ਅਜਿਹੇ ਪਰਦੇ ਪਾਏ ਹੋਏ ਸੀ ਕਿ
ਮੈਂ ਜ਼ਿੰਦਗੀ ਦੀ ਹਕੀਕਤ ਤੋਂ
ਅਣਜਾਣ...ਹਰ ਵੇਲੇ ਖੁਸ਼
ਹੱਸਦੇ ਰਹਿਣਾ, ਸਭ ਨੂੰ ਹਸਾਉਣਾ....।

ਪਾਪਾ ਨੇ ਕਹਿਣਾ,
‘‘ਕੁੜੀਆਂ ਬਹੁਤਾ ਨ੍ਹੀ ਹੱਸਦੀਆਂ ਹੁੰਦੀਆਂ।’’
ਮਨ ’ਚ ਇੱਕ ‘ਕਿਉਂ’ ਸ਼ਬਦ
ਬੱਚੇ ਦੀ ਤਰ੍ਹਾਂ ਸੁੱਤਾ ਪਿਆ ਸੀ
ਜਿਸਨੇ ਕਦੇ ਕੁੱਝ ਜਾਨਣ ਦੀ
ਕੋਸ਼ਿਸ ਹੀ ਨ੍ਹੀ ਕੀਤੀ..।

ਅੱਜ ਮੈਂ ਹਕੀਕਤ ਦੇ ਰੂਬਰੂ ਹਾਂ
ਹੱਸਣਾ ਕੀ ਹੈ, ਰੱਬ ਜਾਣੇ
ਹਰ ਮੋੜ ਤੇ ਭਟਕਣਾ
ਹਰ ਮੋੜ ਤੇ ਸੁਲਗਣਾ
ਹਰ ਸਾਹ ’ਚ ਤੜਫਣਾ

ਹਾਸਿਆਂ ਦੇ ਸ਼ੋਰ 'ਚ
ਛਾਈ ਹੰਝੂਆਂ ਦੀ ਚੁੱਪ
ਇਹ ਬਾਂਝ ਖੁਸ਼ੀ ਭਾਲ਼ਦੀ ਏ
ਕਿਸੇ ਆਸਰੇ ਦੀ ਕੁੱਖ..।
ਜਿੰਨਾ ਹੱਸੀ, ਓਨਾ ਹੀ ਰੋਣਾ ਪਿਆ
ਪਰ ਕੋਈ ਆਵਾਜ਼ ਨ੍ਹੀ ਆਉਂਦੀ
ਜੋ ਕਹੇ,''ਬਿਨ੍ਹਾਂ ਗੱਲੋਂ ਰੋਣਾ ਚੰਗਾ ਨਹੀਂ ਹੁੰਦਾ''।

00

ਤਲਾਸ਼

ਮੈਂ ਕਿਤੇ ਖੁਸ਼ੀ ਰੱਖਕੇ ਭੁੱਲ ਗਈ
ਉਹਨੂੰ ਲੱਭਦਿਆਂ-ਕੁੱਝ ਦੁੱਖ
ਹੱਥ ਲੱਗੇ ਨੇ
ਫਰੋਲ਼-ਫਰੋਲ਼ ਕੇ ਹੱਥ ਛਿੱਲੇ ਗਏ
ਤੇ ਅੱਖਾਂ ਪੱਕ ਗਈਆਂ
ਸ਼ਾਮ ਹੋ ਗਈ,
ਪਰ ਖੁਸ਼ੀ ਨਹੀਂ ਮਿਲੀ....!

ਮੈਂ ਕਿਤੇ ਤੇਰਾ ਪਤਾ ਰੱਖਕੇ ਭੁੱਲ ਗਈ
ਉਹਨੂੰ ਲੱਭਦਿਆਂ-ਕੁੱਝ ਖ਼ਤ
ਹੱਥ ਲੱਗੇ ਨੇ
ਕੁੱਝ ਧੁੰਧਲੀਆਂ ਯਾਦਾਂ ਚਮਕ ਉੱਠੀਆਂ
ਤੇ ਇੱਕ ਜ਼ਖ਼ਮ ਤੇ ਹੱਥ ਰੱਖਿਆ ਗਿਆ
ਬਹੁਤ ਦਰਦ ਹੋਇਆ
ਪਰ ਤੇਰਾ ਪਤਾ ਨਹੀਂ ਮਿਲਿਆ...।

ਮੈਂ ਕਿਤੇ ਜ਼ਿੰਦਗੀ ਰੱਖਕੇ ਭੁੱਲ ਗਈ
ਉਹਨੂੰ ਲੱਭਦਿਆਂ-ਅੱਜ ਮੌਤ
ਹੱਥ ਲੱਗੀ ਏ
ਅੱਜ ਬਿਰਹਣ ਦੀ ਚੁੱਪ ਟੁੱਟ ਗਈ
ਤੇ ਧੜਕਣ ਰੁਕਦੀ-ਰੁਕਦੀ ਰੁਕ ਗਈ
ਮੁੱਠੀ ਖੁੱਲ੍ਹ ਗਈ
ਪਰ ਜ਼ਿੰਦਗੀ ਨਹੀਂ ਮਿਲੀ....।

00

ਮੇਰੀ ਨਾਂਹ

ਤੇਰੀਆਂ ਪੈੜਾਂ ਦਾ ਰੇਤਾ ਹੀ ਮਿਲਿਆ
ਜਦ ਵੀ ਮੈਂ ਆਪਣੇ
ਹੰਝੂਆਂ ਨੂੰ ਨਿਤਾਰਿਆ....!

ਜਦ ਵੀ ਤੇਰੀ 'ਨਾਂ' ਮੇਰੇ ਯਾਦ ਆਵੇ
ਮੈਂ ਸ਼ੀਸ਼ੇ ਮੂਹਰੇ ਖੜ੍ਹ
ਆਪਣੇ-ਆਪ ਨੂੰ ਸੰਵਾਰਿਆ...!

ਜਿਸ ਹੁਸਨ ਦਾ ਮੈਂ ਮਾਣ ਕਰਦੀ ਸੀ
ਤੂੰ ਪਲਾਂ 'ਚ ਤੋੜ ਦਿੱਤੈ
ਹਾਏ! ਇਸ ਇਸ਼ਕ ਨੇ ਨਾ ਡੋਬਿਆ, ਨਾ ਤਾਰਿਆ....।

ਕੀ ਹੋਇਆ ਜੇ ਇੱਕ ਤੇਰੀ ਨਾਂਹ,
ਮੈਨੂੰ ਅੱਧ-ਮੋਇਆ ਕਰ ਗਈ
ਮੇਰੀ ਨਾਂਹ ਨੇ ਪਤਾ ਨ੍ਹੀ ਕਿੰਨਿਆਂ ਨੂੰ ਮਾਰਿਆ...?
00

ਸ਼ਿਵ ਦੀ ਗੁੰਮ ਗਈ ਮੁਹੱਬਤ ਦੇ ਨਾਂ.....

ਕਦੇ ਸੋਚਕੇ ਵੇਖੀਂ ਕਿ
ਉਸਨੂੰ ਤੇਰੇ ਕੋਲੋਂ ਕੀ ਚਾਹੀਦਾ ਸੀ
ਇੱਕ ਲੱਪ ਤਾਰੇ,
ਇੱਕ ਟੋਟਾ ਚੰਨ ਦਾ,
ਇੱਕ ਕਾਤਰ ਬੱਦਲ ਦੀ,
ਇੱਕ ਸਾਹ 'ਚ ਖੁਸ਼ਬੂ,
ਇੱਕ ਸੁਪਨਾ ਜੋ ਕਦੀ,
ਹਕੀਕਤ ਬਣੇ,
ਇੱਕ ਰਾਹ ਜਿਸਦੀ ਕੋਈ
ਮੰਜ਼ਿਲ ਜਿਸਦਾ
ਇੱਕ ਅੱਖਰ ਜਿਸਦਾ
ਕੋਈ ਅਰਥ ਹੋਵੇ
ਇੱਕ ਰਿਸ਼ਤਾ ਜਿਸਦਾ
ਕੋਈ ਨਾਂ ਹੋਵੇ
ਇੱਕ ਪੱਥਰ ਜੋ ਕਦੇ
ਰੱਬ ਬਣੇ....ਨਹੀਂ।
ਉਸਨੂੰ ਕੁੱਝ ਨਹੀਂ ਸੀ ਚਾਹੀਦਾ
ਉਸਨੂੰ ਚਾਹੀਦਾ ਸੀ ਆਪਣੀ
ਕਵਿਤਾ ਲਈ ਦਰਦ।
ਜੋ ਤੈਥੋਂ ਮਿਲਿਆ ਉਸਨੂੰ।
ਕਦੇ ਸੋਚ ਕੇ ਵੇਖੀਂ ਉਸਨੂੰ ਤੇਰੇ ਕੋਲੋਂ
ਕੀ ਚਾਹੀਦਾ ਸੀ.....?

00

ਮਜਬੂਰ ਬਾਪ

ਕੀ ਤੇਰਾ ਮਾਂ ਨਾਲ ਹੀ
ਨਿਭਾਉਣ ਦਾ ਵਾਅਦਾ ਸੀ?
ਕੀ ਤੇਰਾ ਇੱਕੋ ਧੀ ਨੂੰ
ਤੋਰਨ ਦਾ ਫਰਜ਼ ਸੀ?
ਕੀ ਤੂੰ ਦੋ ਖ਼ਾਤਿਆਂ 'ਚ
ਚੜ੍ਹਿਆ ਇੰਤਕਾਲ ਸੀ ਬਸ?
ਹਾਂ.....
ਉਹ ਜ਼ਿੰਦਗੀ ਦਾ ਬਾਕੀ ਸਾਰਾ ਬੋਝ
ਖ਼ੀਸੇ 'ਚ ਪਾ
ਬੇਵਫ਼ਾਈ ਦੇ ਦਰਿਆ 'ਚ ਠਿੱਲ੍ਹ ਪਿਆ
ਉਸ ਬੋਝ ਨੇ ਅੱਜ ਤੱਕ
ਨਹੀਂ ਆਉਣ ਦਿੱਤੀ
ਉਸਦੀ ਲਾਸ਼ ਪਾਣੀ ਤੋਂ ਬਾਹਰ
ਸਭ ਕੁੱਝ ਡੁੱਬ ਗਿਆ...
ਤੇ ਮੈਂ
ਖ਼ੂਨ ਨੇ ਰਿਸ਼ਤਿਆਂ ਦਾ
ਖ਼ੂਨ ਹੁੰਦਾ ਵੇਖਕੇ
ਪਾਣੀ-ਪਾਣੀ ਹੋ ਗਈ।

00

ਫ਼ਿਕਰ

ਜਿੱਥੇ ਗੱਲ ਹੋਵੇ
ਮੇਰੀ ਮੁਹੱਬਤ ਦੀ
ਓਥੇ ਜ਼ਿਕਰ ਤੇਰਾ ਹੀ ਬਣਦਾ ਏ,

ਮੈਨੂੰ ਡਰ ਏ ਤੂੰ ਨਾ
ਛੱਡ ਜਾਵੀਂ
ਪਰ ਫ਼ਿਕਰ ਤੇਰਾ ਵੀ ਬਣਦਾ ਏ....!
00

ਕੈਦ

ਮੈਨੂੰ ਮੁਕਤੀ ਨ੍ਹੀ ਚਾਹੀਦੀ
ਤੈਨੂੰ ਮਿਲਣ ਦੀ ਭਟਕਣ ਤੋਂ
ਮੈਨੂੰ ਆਜ਼ਾਦ ਨਾ ਕਰੀਂ
ਆਪਣੇ ਖ਼ਿਆਲਾਂ ਦੀ ਵਲਗਣ 'ਚੋਂ....!

00

ਸੱਚ

ਆਪਣਾ ਰਿਸ਼ਤਾ
ਸੁੱਚਾ-ਮੋਤੀ
ਇਹ ਮੇਰੀ ਸੋਚ ਹੈ।
ਕੋਈ ਮੋਤੀ ਸੁੱਚਾ
ਨਹੀਂ ਹੁੰਦਾ
ਇਹ ਦੁਨੀਆ ਦਾ ਸੱਚ ਹੈ।
ਨਾ ਮੈਂ ਆਪਣੀ ਸੋਚ
ਬਦਲ ਸਕਦੀ ਹਾਂ
'ਤੇ ਨਾ
ਦੁਨੀਆਂ ਦਾ ਸੱਚ!

00

ਗੁੱਡੀ

ਇੱਕ ਸਮਾਂ ਸੀ
ਜਦ ਮੈਂ ਸਾਰੇ ਬੱਚਿਆਂ ਨੂੰ
'ਕੱਠੇ ਕਰ
ਕਾਨਿਆਂ, ਲੀਰਾਂ ਦੀ
ਗੁੱਡੀ ਬਣਾ ਫੂਕਣ ਜਾਂਦੀ ਸੀ।
ਰੋਂਦੇ-ਪਿੱਟਦੇ
ਘਰ ਆਉਣਾ ਤੇ
ਦਾਦੀ ਨੇ ਮਿੱਠੇ ਚੌਲ਼ ਬਣਾਕੇ ਦੇਣੇ
ਇੰਦਰ ਦੇਵਤਾ ਖੁਸ਼
ਦਾਦੀ ਖੁਸ਼
ਮੀਂਹ ਵਰਨ੍ਹਾ, ਮੈਂ ਖੁਸ਼।
ਹੁਣ ਅਸੀਂ ਕਰਦੇ ਹਾਂ ਅਫ਼ਸੋਸ
ਹੜ੍ਹ ਆਉਣ ਦਾ,
ਤਬਾਹੀ ਹੋ ਜਾਣ ਦਾ,
ਕਹਿੰਦੇ ਹਾਂ,''ਇੰਦਰ-ਦੇਵਤਾ ਦੀ ਕ੍ਰੋਪੀ''
ਨਹੀਂ.....ਇੰਦਰ ਦੇਵਤਾ ਤਾਂ ਅੱਜ ਵੀ ਏ ਮਿਹਰਬਾਨ।
ਬਸ ਓਦੋਂ ਬੇਜਾਨ ਗੁੱਡੀ ਫੂਕਦੇ ਸੀ,
ਓਨਾ ਕੁ ਮੀਂਹ ਵਰ੍ਹਦਾ ਸੀ,
ਅੱਜ ਕੁੱਖ 'ਚ ਗੁੱਡੀ ਫੂਕਦੇ ਹਾਂ
ਐਨਾ ਕੁ ਮੀਂਹ ਵਰ੍ਹਦਾ ਏ।
ਇੰਦਰ ਦੇਵਤਾ ਖੁਸ਼,
ਦਾਦੀ ਖੁਸ਼,
ਫਿਰ ਮੈਂ ਕਿਉਂ ਨ੍ਹੀ ਖੁਸ਼?

00

ਜਵਾਬ

ਉਸਦੀ ਚੁੱਪ 'ਚ
ਮੇਰੇ ਹਰ ਸਵਾਲ ਦਾ
ਜਵਾਬ ਸੀ,
ਜਦ ਮੈਂ ਪੁੱਛਿਆ,
ਮੇਰੇ ਜਿਸਮ ਤੋਂ ਬਿਨ੍ਹਾਂ
ਤੂੰ ਮੈਥੋਂ ਕੀ ਚਾਹੁੰਦਾ ਏਂ?
00

ਅਹਿਸਾਸ

ਮੈਂ ਉਸਨੂੰ ਜਦ ਵੀ
ਮਿਲਣ ਲਈ ਕਹਿੰਦੀ,
ਚੁੱਪ ਹੋ ਜਾਂਦਾ,
ਉਸਦੀ ਚੁੱਪ 'ਚ
ਮੇਰੇ ਜੀਣ ਦਾ ਅਹਿਸਾਸ ਹੁੰਦਾ
ਚੁੱਪ ਟੁੱਟਦੀ ਹੈ
ਅਹਿਸਾਸ ਮਰ ਜਾਂਦਾ
ਆਖਦਾ,''ਅਗਲੇ ਜਨਮ 'ਚ ਮਿਲਾਂਗੇ''।

00

ਸਬੂਤ

ਸਭ ਕੁੱਝ ਬਣਕੇ ਵੇਖਿਆ,
ਬਹਾਰ ਵੀ
ਦਿਲਦਾਰ ਵੀ
ਗਮਖ਼ਾਰ ਵੀ
ਹੱਕਦਾਰ ਵੀ
ਇਤਬਾਰ ਵੀ
ਬੀਮਾਰ ਵੀ
ਲਾਚਾਰ ਵੀ
ਤਾਂ ਵੀ ਨਾ-ਮਨਜ਼ੂਰ ਹੀ ਰਹੀ।

ਸਭ ਕੁੱਝ ਕਰਕੇ ਵੇਖਿਆ
ਇਨਕਾਰ ਵੀ
ਇਜ਼ਹਾਰ ਵੀ
ਪਿਆਰ ਵੀ
ਤਕਰਾਰ ਵੀ
ਬੇਕਰਾਰ ਵੀ
ਤਾਰ-ਤਾਰ ਵੀ
ਇੱਕ ਸਾਰ ਵੀ
ਤਾਂ ਵੀ ਹਰ ਗਈ ਹਾਂ ਉਸਦੇ ਸਾਹਵੇਂ।
ਉਸਦੇ ਕੋਲ ਸਬੂਤ ਏ ਪਿਆਰ ਦਾ
ਅਥਾਹ ਪਿਆਰ ਨਾਲ ਭਰੇ ਖ਼ਤ
ਜੋ ਰਾਤਾਂ ਨੂੰ ਲਿਖਦਾ ਤੇ ਕਹਿੰਦਾ,
ਤੇਰੀ ਯਾਦ 'ਚ ਮੈਂ ਸਾਰੀ ਰਾਤ ਨ੍ਹੀ ਸੌਂਦਾ।

ਬੇਸ਼ੱਕ...ਮੈਂ ਸੌਂ ਜਾਂਦੀ ਹਾਂ,
ਪਰ ਸੁਪਨਾ ਤਾਂ ਮੈਂ ਵੀ ਕਦੇ ਕੋਈ
ਪੂਰਾ ਨਹੀਂ ਵੇਖਿਆ.....!
00

ਜਦ ਵੀ ਉਦਾਸ ਹੋਵਾਂ

ਜਦ ਵੀ ਉਦਾਸ ਹੋਵਾਂ
ਮੈਂ ਗੁਣ-ਗੁਣਾਉਂਦੀ ਹਾਂ,

ਤੇਰੇ ਪਿਆਰ ਨੇ ਲੁੱਟਿਆ
ਮੈਂ ਮੁਸਕੁਰਾਉਂਦੀ ਹਾਂ

ਹੰਝੂਆਂ ਨਾਲ ਮੂੰਹ ਧੋ ਕੇ
ਮੈਂ ਸਭ ਨੂੰ ਹਸਾਉਂਦੀ ਹਾਂ

ਜਿੱਥੇ ਦਿਲ ਨਹੀਂ ਧੜਕਦਾ
ਮੈਂ ਉੱਥੇ ਪਿਆਰ ਪਾਉਂਦੀ ਹਾਂ

ਪੱਥਰਾਂ ਨੂੰ ਪੂਜਦੀ ਏ ਦੁਨੀਆਂ
ਇਸ ਗੱਲੋਂ ਘਬਰਾਉਂਦੀ ਹਾਂ

ਤੇਰੇ ਪੱਥਰ ਹੋ ਜਾਣ ਦਾ ਡਰ ਰਹਿੰਦੈ
ਜਦ ਵੀ ਤੈਨੂੰ ਸਿਰ ਝੁਕਾਉਂਦੀ ਹਾਂ....!
00

ਜੇ ਉਹ ਨਹੀਂ...

ਉਹ ਹੈ,
ਚੂੜੀਆਂ ਦੀ ਖਣ-ਖਣ 'ਚ,
ਝਾਂਜਰਾਂ ਦੀ ਛਣ-ਛਣ 'ਚ,

ਚੜ੍ਹਦੇ ਸੂਰਜ ਦੀ ਜਵਾਨੀ 'ਚ,
ਛੁਪਦੇ ਸੂਰਜ ਦੀ ਉਦਾਸੀ 'ਚ,

ਮੇਰੀਆਂ ਗ਼ਜ਼ਲਾਂ 'ਚ,
ਮੇਰੀਆਂ ਨਜ਼ਮਾਂ 'ਚ,

ਉਹ ਹੈ,
ਮੇਰੇ ਖਿਆਲਾਂ 'ਚ
ਮੇਰੇ ਸੁਪਨਿਆਂ 'ਚ,
ਮੇਰੇ ਸਾਹਾਂ 'ਚ,
ਮੇਰੀਆਂ ਰਾਹਾਂ 'ਚ,
ਮੇਰੀ ਧੜਕਣ 'ਚ,
ਮੇਰੀ ਤੜਫ਼ਣ 'ਚ,
ਮੇਰੀ ਭਟਕਣ 'ਚ,
ਜੇ ਉਹ ਨਹੀਂ ਤਾਂ,
ਬਸ,
ਮੇਰੀ ਕਿਸਮਤ 'ਚ....!
00

ਸੋਚ

ਬੁੱਢੀ ਮਾਂ
ਉਹ ਅਕਸਰ
ਘਰ ਖੁੱਲਾ ਛੱਡਕੇ,
ਆਪਣੇ ਕੰਮ ਤੇ ਜਾਂਦੇ
ਘਰ ਸਾਂਭਦੀ,
ਉਨ੍ਹਾਂ ਦੀ ਬੁੱਢੀ ਮਾਂ,
ਜਿਸਨੂੰ ਆਖਦੇ,
ਉਹ ਘਰ ਦਾ ਜਿੰਦਰਾ
ਬੁੱਢੀ ਮਾਂ ਫਰਜ਼
ਨਿਭਾਉਂਦੀ ਆਪਣਾ,
ਪਿੱਛੇ ਪਾਲਦੀ ਵੇਲ-ਬੂਟੇ
ਜੋ ਆਪਣੇ ਹੱਥੀਂ ਲਾਏ
ਘਰ ਨੂੰ ਸਾਂਭਦੀ
ਆਪਣੇ ਬੱਚਿਆਂ ਵਾਂਗ....।
ਅਚਾਨਕ ਹੋ ਗਈ
ਉਸਦੀ ਮੌਤ
ਅੰਤਿਮ ਅਰਦਾਸ ਤੋਂ ਦੂਜੇ ਦਿਨ
ਪੱਟ ਸੁੱਟੇ ਸਾਰੇ ਵੇਲ-ਬੂਟੇ
ਅਖੇ ਕੌਣ ਸਾਂਭ-ਸੰਭਾਲ ਕਰੂ
ਇਨ੍ਹਾ ਦੀ.....।
ਹੁਣ ਰੱਖਿਆ ਗਿਆ ਇੱਕ ਕੁੱਤਾ
ਘਰ ਦੀ ਸੰਭਾਲ ਲਈ
ਤੇ ਇੱਕ ਨੌਕਰ
ਕੁੱਤੇ ਦੀ ਸੰਭਾਲ ਲਈ....।

00

ਅਣਜੰਮੀ ਧੀ

ਪਤੀ-ਪ੍ਰਮੇਸ਼ਵਰ
ਮੇਰੀ ਧੀ ਸਿੱਖਦੀ ਏ
ਆਪਣੀ ਦਾਦੀ ਤੋਂ
ਅਰਦਾਸ ਕਰਨੀ....।
ਮੈਂ ਜਦ ਵੀ ਆਪਣੀ
ਨਿੱਕੀ ਜਿਹੀ ਧੀ ਨੂੰ
ਵੇਖਦੀ ਹਾਂ ਚੁੰਨੀ ਲੈ ਕੇ
ਅਰਦਾਸ ਕਰਦਿਆਂ,
''ਬਾਬਾ ਜੀ, ਇੱਕ ਵੀਰ ਦੇ ਦਿਓ'' ਤਾਂ
ਡਰ ਜਾਂਦੀ ਹਾਂ,
ਆਪਣੀ ਕੁੱਖ 'ਚ ਪਲ਼ਦੇ
ਆਪਣੀ ਹੀ ਨਸਲ ਦੇ ਦੁੱਖ ਨੂੰ
ਮਹਿਸੂਸ ਕਰਦਿਆਂ....।
ਜਿਸ ਦਿਨ ਦਾ ਪਤਾ ਲੱਗਿਐ ਕਿ
ਮੇਰੇ ਅੰਦਰ ਪਲ਼ਦਾ ਅੰਸ਼
ਇੱਕ ਧੀ ਏ
ਉਸ ਦਿਨ ਦੀ ਘਰ ਦੇ
ਕਿਸੇ ਜੀਅ ਨੇ
ਬੁਰਕੀ ਨ੍ਹੀ ਤੋੜੀ ਤੇ
ਮੈਂ ਨਾ ਚਾਹ ਕੇ ਵੀ
ਸਭ ਤੋਂ ਚੋਰੀ ਖਾਂਦੀ ਹਾਂ
ਰੋਟੀ ਦੇ ਦੋ ਟੁੱਕ
ਆਪਣੀ ਬੱਚੀ ਦੀ ਖ਼ਾਤਿਰ...।
ਪਰ ਅੱਜ ਮੈਂ ਸਹੁਰੇ ਘਰ 'ਚ
ਵੱਸਣ ਦੀ ਸ਼ਰਤ ਅੱਗੇ

ਹਰ ਗਈ ਹਾਂ
ਕਰ ਆਈ ਹਾਂ ਆਪਣੀ ਕੁੱਖ ਉਜਾੜ ਕੇ
ਆਪਣੇ ਵੱਸਣ ਦਾ ਹੀਲਾ....।
ਕਤਲ ਕਰਕੇ
ਬੇਗੁਨਾਹਾਂ ਵਾਂਗ ਬੈਠੀ ਹਾਂ
ਕੰਧ ਨਾਲ ਕੰਧ ਬਣ
ਪਤੀ ਪ੍ਰੈਸ਼ਰ ਖਾ ਰਿਹਾ ਏ ਰੋਟੀ
ਹੋ ਗਈ ਏ ਸਭ ਦੀ ਭੁੱਖ ਦੂਣੀ...।
ਸੋਚਾਂ 'ਚ ਡੁੱਬੀ ਨੂੰ ਮੈਨੂੰ
ਯਾਦ ਆ ਰਿਹੈ
ਹਸਪਤਾਲ ਦਾ ਕੂੜਾ ਤੇ
ਪਤੀ ਦੀ ਆਵਾਜ਼ ਤੋੜਦੀ ਹੈ
ਮੇਰੀ ਸੋਚ ਦਾ ਕਿਲ੍ਹਾ ਜੋ
ਉਸਰ ਨਾ ਸਕਿਆ
'ਬੇਬੇ, ਆਹ ਇੱਕ ਰੋਟੀ ਹੋਰ ਦੇਈਂ''।
ਭੁੱਬਾਂ ਮਾਰ-ਮਾਰ ਰੋਂਦੀ ਏ
ਇੱਕ ਧੀ ਨੂੰ ਜਨਮ ਦੇਣ ਦੀ ਭੁੱਖ।
ਫਿਰ ਗੁਆਚ ਜਾਂਦੀ ਹਾਂ
ਚਾਰ ਲਾਵਾਂ ਦੀਆਂ ਘੁੰਮਣ-ਘੇਰੀਆਂ 'ਚ
ਲੱਭਦੀ ਹਾਂ ਆਪਣੇ ਹੀ
ਦਿਮਾਗ ਦੇ ਕੋਸ਼ ਵਿੱਚੋਂ
'ਜੀਵਨ-ਸਾਥੀ' ਦੇ ਅਰਥ....।

00

ਬਿਗਾਨੀ ਧੀ

ਗੱਲ ਕਰਦੀ ਹਾਂ ਆਪਣੀ ਹੀ
ਘਰ ਦੀ ਚਾਰ-ਦੀਵਾਰੀ ਦੇ ਅੰਦਰ ਦੀ
ਮੇਰਾ ਵੀਰ ਸਿਰੇ ਦਾ ਸ਼ਰਾਬੀ
ਨਸ਼ਿਆਂ 'ਚ ਗੁਆਚਾ
ਜ਼ਿੰਮੇਵਾਰੀਆਂ ਤੋਂ ਭੱਜਦਾ,
ਰੁਕਦਾ ਤਾਂ ਸਿਰਫ਼ ਠੇਕੇ ਤੇ
ਘਰਦੇ ਲੂਣ-ਤੇਲ ਤੋਂ ਬੇਖ਼ਬਰ
ਖ਼ਬਰ ਰੱਖਦਾ ਤਾਂ ਸਿਰਫ਼ ਐਨੀ
ਕਿ ਕਿੰਨੀ ਬੋਤਲ ਬਾਕੀ ਏ....।
ਉਸਦੇ ਇੰਤਜ਼ਾਰ 'ਚ ਮੇਰੀ ਭਾਬੀ
ਆਪਣੇ ਮਾਪਿਆਂ ਦੀ 'ਕੱਲੀ ਧੀ
ਤੇ ਸਾਡੀ ਸਭ ਦੀ ਪਿਆਰੀ
ਹਮੇਸ਼ਾ ਇਸ ਉਮੀਦ 'ਚ ਰਹਿੰਦੀ
ਕਿ ਸ਼ਾਇਦ ਅੱਜ ਬਿਨ੍ਹਾ ਪੀਤੇ ਆ ਜੇ
ਆਪਣੇ ਆਪ ਨੂੰ ਸ਼ਿੰਗਾਰਦੀ
'ਤੇ ਵਾਰ-ਵਾਰ ਸ਼ੀਸ਼ਾ ਵੇਖਦੀ....।
ਜਦ ਸੌਂ ਜਾਂਦੇ ਸਾਰੇ
ਉਡੀਕ ਕਰਦੀ, ਕਰਮ ਜਾਗ ਜਾਣ ਸ਼ਾਇਦ!
ਵੀਰ ਬਾਹਰੋਂ ਖਾ-ਪੀਕੇ ਆਉਂਦਾ
'ਤੇ ਦਰਵਾਜ਼ਾ ਬੰਦ ਕਰਦਾ
ਭਾਬੀ ਨੂੰ ਮਜ਼ਬੂਰ ਕਰਦਾ ਤੇ
ਉਹ ਵਿਚਾਰੀ ਇੱਕ-ਇੱਕ ਕਰਕੇ
ਸਾਰੇ ਸ਼ਿੰਗਾਰ ਲਾਹ ਸੁੱਟਦੀ
ਜ਼ਿੰਦਗੀ ਦੇ ਹਸੀਨ ਪਲਾਂ 'ਚੋਂ
ਇੱਕ ਰਾਤ ਹੋਰ ਘੱਟ ਜਾਂਦੀ

ਉਹ ਆਪਣੇ ਅੰਦਰ ਦੇ ਸ਼ੈਤਾਨ ਨੂੰ
ਸ਼ਾਂਤ ਕਰਕੇ ਸੌਂ ਜਾਂਦਾ...।
ਭਾਬੀ ਸਾਰੀ ਰਾਤ ਜਾਗਦੀ ਰਹਿੰਦੀ
ਤੇ ਟੁੱਟੀਆਂ ਚੂੜੀਆਂ ਨਾਲ
ਨਾਪਦੀ ਪਿਆਰ,
ਜਾਂ ਸ਼ਾਇਦ ਕੱਟਦੀ
ਉਮਰ ਦੀ ਲੀਕ....।

ਤੁਸੀਂ ਦੱਸੋ
ਕਿੱਥੇ ਲਿਖਾਵਾਂ
ਰਿਪੋਰਟ ਇਸ ਬਲਾਤਕਾਰ ਦੀ
ਕਿਸ ਵੱਲ ਖੜ੍ਹਾਂ
ਬਿਗਾਨੀ ਧੀ ਜਾਂ
ਆਪਣੇ ਵੀਰ ਵੱਲ...?
ਪਤਾ ਨਹੀਂ ਕਿੰਨੇ ਹੀ
ਅਜਿਹੇ ਬਲਾਤਕਾਰ ਰੋਜ਼ ਹੁੰਦੇ ਹੋਣਗੇ,
ਜੋ ਕਿਸੇ ਚਾਰ ਦੀਵਾਰੀ 'ਚ
ਪਤੀ-ਪਤਨੀ ਦੇ ਰਿਸ਼ਤੇ 'ਚ
ਦੁਨੀਆਂ ਦੀ ਸ਼ਰਮ 'ਚ
ਆਪਣੀ ਆਤਮਾ ਦੀ ਅਵਾਜ਼ 'ਚ
ਚੁੱਪ ਹੀ ਰਹਿੰਦੇ ਨੇ,
ਮੇਰੀ ਭਾਬੀ ਦੀ ਤਰ੍ਹਾਂ...।
00

ਨਾਇਕ

ਤੁਸੀਂ ਸਭ ਵੇਖਣਾ ਚਾਹੁੰਦੇ ਹੋ ਤਾਂ
ਮੇਰੀ ਕਵਿਤਾ ਵਿਚਲੇ ਨਾਇਕ ਨੂੰ
ਕੌਣ ਹੈ ਉਹ.....?
ਪਰਨੀਤ ਜਿਸਨੂੰ ਐਨਾ ਪਿਆਰ ਕਰਦੀ ਏ
ਕੌਣ ਹੈ ਉਹ, ਜੋ ਮੇਰੇ ਸ਼ੀਸ਼ੇ ਵਰਗੇ ਦਿਲ 'ਤੇ
ਆਪਣਾ ਨਾਮ ਤਾਂ ਲਿਖ ਗਿਆ
ਪਰ ਸਿਰਨਾਵਾਂ ਨਹੀਂ,
ਤੇ ਸੁਰਮੇ ਵਾਲੇ ਨੈਣ
ਤਰਸ ਗਏ,
ਨੀਂਦਾਂ ਨੂੰ,
ਸੁਪਨਿਆਂ ਨੂੰ,
ਕੌਣ ਹੈ, ਜਿਹਦੇ ਬਾਰੇ ਸੋਚਦਿਆਂ
ਸਵੇਰ ਹੋ ਜਾਂਦੀ ਏ,
ਉਹ ਵੀ ਗੁਲਾਬੀ ਰੰਗ ਦੀ।
ਚਲੋ, ਵਾਅਦਾ ਰਿਹਾ
ਅਗਲੀ ਵਾਰ ਜ਼ਰੂਰ ਦੱਸਾਂਗੀ
ਅਜੇ ਤਾਂ ਪਿਆਰ ਹੀ ਇੱਕ ਤਰਫ਼ਾ ਏ,
ਜੇ ਨਾਮ ਹੀ ਜਾਣਨਾ ਏ
ਮੇਰੀ ਮੁਹੱਬਤ ਲਈ ਦੁਆ ਕਰੋ.....
00

ਮਿਸਡ ਕਾਲ

ਸੋਚ ਲਿਆ ਕਿ
ਹੁਣ ਏਸ ਰਾਹ ਨ੍ਹੀ ਪੈਣਾ
ਮੰਨ ਲਿਆ
ਆਪਣਾਹਰ ਗੁਨਾਹ
ਕਿ ਮੈਂ ਕਿੰਨੇ ਦਿਲ
ਉਦਾਸ ਕੀਤੇ, ਪਤਾ ਨ੍ਹੀ...!
ਅਜੇ ਮਨ ਦੇ ਪਰਿੰਦੇ
ਫੜਕੇ ਪਿੰਜਰੇ ਪਾਏ ਹੀ ਸੀ
ਕਿ ਮੋਬਾਇਲ ਤੇ ਵੇਖੀ
ਇੱਕ ਅਨ-ਨੋਨ ਨੰਬਰ ਤੋਂ
ਮਿਸਡ ਕਾਲ
'ਤੇ ਉਸੇ ਨੰਬਰ ਤੋਂ ਮੈਸਜ
ਆਈ ਲਵ ਯੂ ਡੀਅਰ।

ਕਿੰਨੇ ਦਿਨ ਹੋਗੇ
ਬੜੀ ਬੇਚੈਨ ਹਾਂ
ਦਿਲ ਕਰਦੈ
ਉਡਾ ਦੇਵਾਂ
ਮਨ ਦੇ ਪਰਿੰਦੇ
ਡਾਇਲ ਕਰਾਂ
ਮਿਸਡ ਕਾਲ....!
00

ਸ਼ਾਇਰਾ

ਇੱਕ ਸ਼ਾਇਰਾ
ਪਿਆਰ,
ਕਵਿਤਾ,
ਗੁਰੂ,
ਕਿਤਾਬ,
ਅਵਾਰਡ,
ਨਾਮ,
ਬਦਨਾਮ,
ਪਿਛਲੇ ਵਰ੍ਹੇ ਦਾ
ਕਲੰਡਰ,
ਬਸ!

00

ਫ਼ਰਕ

ਮੇਰੇ ਲਈ ਮੁਹੱਬਤ
ਇੱਕ ਦੁਆ ਹੈ
ਕਿਸੇ ਫਕੀਰ ਦੀ।
ਇੱਕ ਖੁੱਲੀ ਕਵਿਤਾ
ਹਰ ਬੰਨ੍ਹਣ ਤੋਂ ਆਜ਼ਾਦ
ਕਵਿਤਾ ਦੇ ਆਖ਼ਿਰ 'ਚ
ਖ਼ਾਲੀ ਥਾਂ ਕਿ ਅਜੇ, ਕੁੱਝ ਲਿਖਣਾ ਸੀ।
ਉਹਦੇ ਲਈ ਮੁਹੱਬਤ
ਸ਼ਾਇਦ ਇੱਕ ਕਹਾਣੀ
ਜਿਸਦਾ ਉਸਨੇ ਹਰ ਹਾਲ 'ਚ
ਅੰਤ ਕਰਨਾ ਹੁੰਦਾ ਏ।
ਸੁਖਦ ਕਰੇ ਉਸਦਾ ਮਨ ਨੀ ਮੰਨਦਾ
ਦੁਖਦ ਕਰੇ ਤਾਂ ਮੇਰਾ ਮਨ ਨੀ ਮੰਨਦਾ।
ਰੱਬ ਜਾਣੇ ਓਹਦੀ ਕਿਹੜੀ ਕਹਾਣੀ ਦਾ ਨਾਇਕ
ਮੁਹੱਬਤ ਭਾਲ੍ਹਦਾ ਮੇਰੇ ਤੱਕ ਪਹੁੰਚੇਗਾ 'ਤੇ ਕਹੇਗਾ
ਇੱਕ ਕਵਿਤਾ ਦੀ ਸ਼ੁਰੂਆਤ ਕਰਦੇ
ਅੰਤ ਮੈਂ ਕਦੇ ਨ੍ਹੀ ਹੋਣ ਦਿਆਂਗਾ
''ਤੇਰੀ ਸਹੁੰ'.. ਮੇਰੀ ਕਹਾਣੀ ਦੀ ਸਹੁੰ।

00

ਕੁਲੇਖਾ

ਅੱਜ ਅਪਣੇ ਆਪ ਨੂੰ ਸਮਝਾਇਆ
ਪਿਆਰ...ਇੱਕ ਹਸੀਨ ਸੁਪਨਾ
ਜਿਸਨੂੰ ਤੂੰ ਹਰ ਰਾਤ ਵੇਖ ਸਕਦੀ ਏਂ
ਪਰ ਹਕੀਕਤ ਦੀ ਸੇਜ 'ਤੇ
ਆਪਣੇ ਦਿਲ ਬਿਠਾ ਨ੍ਹੀ ਸਕਦੀ...।

ਹੱਥ ਦੀਆਂ ਚਾਰ ਕੁ ਲਕੀਰਾਂ 'ਚ
ਉਲਝੀ ਤੇਰੀ ਤਕਦੀਰ ਨੂੰ
ਸੰਵਾਰਨ ਰੱਬ ਤਾਂ ਆ ਸਕਦਾ
ਪਰ ਰੱਬ ਦਾ ਕੋਈ ਬੰਦਾ ਨ੍ਹੀ....।

ਜਿਨ੍ਹਾਂ ਗਲੀਆਂ 'ਚੋਂ
ਵਫ਼ਾ ਲੱਭਦੀ ਫਿਰਦੀ ਏਂ
ਓਥੇ ਤਾਂ ਪਿਆਰ ਦੀ ਹਵਾ ਚੱਲਿਆਂ ਵੀ
ਇੱਕ ਸਦੀ ਹੋ ਗਈ....।

ਕੰਡਿਆਂ ਦੀ ਔਕਾਤ ਲੈਕੇ
ਫੁੱਲਾਂ ਨਾਲ ਯਾਰੀ ਨ੍ਹੀ ਪਾਈਦੀ
ਟੁੱਟਿਆ ਤਾਰਾ ਵੀ ਕਿਸਮਤ ਨਾਲ ਹੀ
ਝੋਲੀ 'ਚ ਡਿੱਗਦਾ ਏ ਤੇ
ਤੂੰ ਚੰਨ ਤੇ ਦਾਅਵੇ ਕਰਦੀ ਏਂ?

ਮੁੜ ਆ, ਪਰਨੀਤ ਮੁੜ ਆ,
ਜਿਸਮਾਂ ਦੀ ਮੰਡੀ 'ਚ
ਪਿਆਰ ਦੇ ਬਾਜ਼ਾਰ 'ਚ

ਕੀਮਤ ਤਾਂ ਤੈਅ ਹੋ ਸਕਦੀ ਏ
ਪਰ ਕਦਰ ਨਹੀਂ
ਵਫ਼ਾ ਨਹੀਂ
ਉਮਰਾਂ ਦਾ ਵਾਅਦਾ ਨਹੀਂ....!

00

ਨਫ਼ਾ ਕਿ ਨੁਕਸਾਨ

ਮੈਂ ਨਹੀਂ ਸੋਚਿਆ ਕਦੇ
ਕਿ ਉਸਦੇ ਪਿਆਰ 'ਚ ਕੀ ਖੱਟਿਆ?

ਉਸਦੇ ਦਰ ਤੇ ਗਈ ਸੀ
ਇੱਕ ਆਸ ਲੈ ਕੇ
ਮੁੜ ਆਈ ਹਾਂ, ਉਮਰਾਂ ਦੀ ਪਿਆਸ ਲੈਕੇ।

ਉਸਦੇ ਰਾਹੀਂ ਵਿਛੀ ਸੀ
ਘਾਹ ਬਣਕੇ
ਨਜ਼ਰ ਅੱਜ ਵੀ ਉਡੀਕਦੀ ਏ
ਉਸਨੂੰ ਰਾਹ ਬਣਕੇ।

ਹੁਣ ਮੇਰਾ ਕੀਤਾ ਪਿਆਰ
ਉਹਨੂੰ ਗੁਨਾਹ ਲੱਗਦੈ
ਉਹ ਹੁਣ ਵੀ ਮੈਨੂੰ
ਆਉਂਦਾ-ਜਾਂਦਾ ਸਾਹ ਲੱਗਦੈ।

ਮੈਂ ਉਹਨੂੰ ਯਾਦ ਕਰ-ਕਰ
ਅਪਣਾ ਨਫ਼ਾ-ਨੁਕਸਾਨ ਖ਼ੁਦ ਕਰਦੀ ਰਹੀ
ਜਦ ਵੀ ਦਿਲ ਉਹਦੇ ਤੇ ਡੁੱਲਿਆ
ਅੱਖ ਮੇਰੀ ਭਰਦੀ ਰਹੀ!

00

ਤੂੰ ਨਹੀਂ...

ਜਿੱਥੇ ਖੜ੍ਹ ਕੀਤੇ ਵਾਅਦੇ
ਉਸ ਨਹਿਰ ਦੇ ਕਿਨਾਰੇ
ਰੇਤਾ ਬਣ ਗਏ ਨੇ ਸਾਰੇ
ਤੇਰਾ ਵਾਅਦੇ, ਤੇਰੇ ਲਾਰੇ।

ਤੂੰ ਨਹੀਂ ਲੇਖਾਂ ਵਿੱਚ ਸਾਡੇ
ਇਹ ਜ਼ਿੰਦਗੀ ਦਾ ਸੱਚ
ਤੇਰੇ ਬਿਨ੍ਹਾਂ ਜਿੰਨਾ ਤੁਰਾਂ
ਆਉਂਦਾ ਪੈਰਾਂ ਹੇਠਾਂ ਕੱਚ।

ਸਾਡੇ ਹੱਥਾਂ ਉੱਤੇ ਮਹਿੰਦੀ
ਸਾਡੇ ਹੰਝੂ ਨਹੀਓਂ ਸਹਿੰਦੀ
ਸਾਡੀ ਬੁੱਲੀਆਂ ਦੀ ਚੁੱਪ
ਗੱਲ ਹਿਜਰਾਂ ਦੀ ਕਹਿੰਦੀ।

ਬੀਜੇ ਦੁੱਖ ਲੱਗੇ ਕੰਡੇ
ਕਿਉਂ ਨ੍ਹੀ ਖਿੜਦੇ ਗੁਲਾਬ
ਕੀ ਏ ਪਿਆਰ ਦੀ ਕਮਾਈ
ਔਖਾ ਦੇਣਾ ਏ ਜਵਾਬ।

00

ਆਖ਼ਰੀ ਮੁਹੱਬਤ

ਚੱਲ ਪੁੱਛ ਲੈ...
ਕਿਸੇ ਪਿਘਲਦੀ ਤਨਹਾਈ 'ਚ
ਗੁਲਾਬ ਦੀਆਂ ਪੱਤੀਆਂ ਨਾਲੋਂ
ਕਿਤੇ ਵੱਧ ਮੈਨੂੰ ਚੰਗੀ ਲੱਗਦੀ
ਜਲਦੀ, ਪਲ-ਪਲ ਮੁੱਕਦੀ,
ਮੋਮਬੱਤੀ ਦੀ ਖੁਸ਼ਬੂ
ਜਾਣਦੈਂ ਤੂੰ....ਕਿੰਨਾ ਚਾਹਿਆ ਤੈਨੂੰ
ਆਪਣੇ-ਆਪ ਤੋਂ ਵੱਧਕੇ
ਜਦ ਵੀ ਹੁੰਦੀ ਤੇਰੀਆਂ ਬਾਹਾਂ 'ਚ
ਜੀਅ ਕਰਦੈ ਕਿ ਪੁੱਛ ਹੀ ਲਵਾਂ ਤੈਨੂੰ,
ਕਿ ਮੈਂ ਤੇਰੀ ਪਹਿਲੀ ਮੁਹੱਬਤ ਹਾਂ?
ਨਹੀਂ ਪੁੱਛਦੀ...ਡਰਦੀ ਹਾਂ,
ਕਿਤੇ ਤੂੰ ਸੱਚ ਨਾ ਬੋਲ ਦੇਵੇਂ,
ਮੇਰੀ ਬੁੱਕਲ ਦੇ ਮੋਤੀ ਨਾ ਡੋਲ ਦੇਵੇਂ
ਇੱਕ-ਦੂਜੇ ਨੂੰ ਸਮਰਪਣ ਦੇ ਉਹ ਪਲ
ਸਾਡੀ ਜ਼ਿੰਦਗੀ ਦੇ ਕੀਮਤੀ ਪਲ਼
ਜੋ ਚੁਰਾਏ ਆਪਾਂ, ਸਭ ਤੋਂ
ਉਸੇ ਵੇਲੇ ਜਦ ਮੈਂ ਸਮੇਟਦੀ ਹਾਂ
ਕਮਰੇ 'ਚ ਡੁੱਲਿਆ ਨੂਰ,
ਤੇਰੀਆਂ ਅੱਖਾਂ 'ਚ ਵੀ ਤਾਂ ਇੱਕੋ ਸਵਾਲ ਹੁੰਦਾ,
ਚੱਲ ਪੁੱਛ ਲੈ....
ਸੱਚ ਜਾਣੀ ਤੂੰ ਮੇਰੀ ਆਖਿਰੀ ਮੁਹੱਬਤ ਏਂ.....!

00

ਰਿਸ਼ਤੇ

ਯਾਦ ਏ ਤੈਨੂੰ?
ਆਪਾਂ ਛੋਟੇ ਹੁੰਦਿਆਂ
ਮਿੱਟੀ ਦੇ ਕੱਚੇ ਘਰ ਬਣਾ,
ਬਣਦੇ ਸੀ ਫਰਜ਼ੀ ਪਤੀ-ਪਤਨੀ
ਕੁੱਝ ਕੁ ਪਲਾਂ ਦੀ ਖੇਡ 'ਚ
ਜੀ ਲੈਂਦੇ ਸੀ ਜ਼ਿੰਦਗੀ।

ਹੁਣ ਘਰ ਪੱਕੇ ਨੇ
ਖੇਡਦੇ ਹਾਂ ਕਿਸੇ ਹੋਰ ਨਾਲ
ਰਿਸ਼ਤਿਆਂ ਦੀ ਖੇਡ
ਜਿਉਂ ਹੀ ਤਿਉਂ ਪਈ ਏ,
ਸਾਹਮਣੇ ਜ਼ਿੰਦਗੀ,
ਪਰ ਜੀ ਨਹੀਂ ਹੁੰਦੀ।
ਸਮਝ ਆਈ,
ਪਰ ਬਚਪਨ ਤੋਂ ਹੁਣ ਤੱਕ
ਕੀ ਸਮਝਿਆ...?
00

ਮੇਰੀ ਕਵਿਤਾ

ਉਸਦੇ ਨਾਂ,
ਜਿਸਨੂੰ ਉਡੀਕਦਿਆਂ
ਰਾਤ ਹੋ ਜਾਂਦੀ ਏ ਤੇ
ਜਿਸਨੂੰ ਯਾਦ ਕਰਦਿਆਂ
ਦਿਨ ਚੜ੍ਹ ਜਾਂਦਾ ਏ....

00

ਖੁਸ਼ ਮਹਿਲ

ਆਦਤ ਬਣ ਗਈ ਏ
ਉਦਾਸ ਰਹਿਣ ਦੀ
ਦੁਖੀ ਹੋ ਜਾਂਦੀ ਹਾਂ
ਦੋ ਪਲ ਹੱਸਕੇ ਵੀ
'ਕੱਲੀ ਮਹਿਸੂਸ ਕਰਦੀ ਹਾਂ
ਇਕੱਲੇਪਨ ਤੋਂ ਬਿਨਾਂ।

ਬਹੁਤ ਖੁਸ਼ ਹਾਂ
ਕਈ ਦਿਨਾਂ ਤੋਂ
ਮੇਰੇ ਮਹਿਬੂਬ ਨੇ
ਦਿੱਤਾ ਏ ਤੋਹਫ਼ੇ 'ਚ
ਇਕ ਨਵਾਂ ਘਰ
ਜਿਸਨੂੰ ਦੱਸਦਾਂ ਏ ਉਹ
ਖੁਸ਼-ਮਹਿਲ
ਤੇ ਮੈਂ ਪਾਗਲ
ਇੱਕ ਕੀੜੀ ਵਾਂਗ ਬੇਚੈਨ
ਇਸ ਮਹਿਲ 'ਚ ਭਟਕਦੀ
ਲੱਭਦੀ ਹਾਂ ਕੋਈ ਤਰੇੜ
ਦੁੱਖਾਂ ਦੀ
ਕੋਈ ਰਾਹ ਉਦਾਸੀ ਦੀ
ਜੋ ਲੈ ਜਾਵੇ ਇੱਥੋਂ....ਬਾਹਰ...

00

ਅੱਜ ਉਸ ਰਾਹ ਦੀ ਗੱਲ ਨਾ ਕਰ

ਜੋ ਤਖਤ ਹਜ਼ਾਰੇ ਜਾਂਦਾ ਏ
ਉਸ ਚੋਰਾਹੇ ਦੀ ਗੱਲ ਕਰ
ਜਿਸ ਤੇ ਮੇਰੇ ਮਾਂ-ਪਿਉ ਦੀ ਉਮਰ
ਠੀਕਰੇ-ਠੀਕਰੇ ਹੋਈ ਪਈ ਏ
ਤੇ ਮੇਰੇ ਕੰਨੀਂ ਗੂੰਜਦੇ ਕੀਰਨੇ
ਜੋ ਤਕਦੀਰ ਬਣ ਗਏ....

ਅੱਜ ਉਸ ਫੁਲਕਾਰੀ ਦੀ ਗੱਲ ਨਾ ਕਰ
ਜਿਸ ਤੇ ਭਰੇ ਪਏ ਨੇ ਸਗਣਾ ਦੇ ਫੁੱਲ-ਬੂਟੇ
ਉਸ ਚਿੱਟੀ ਚਾਦਰ ਦੀ ਗੱਲ ਕਰ
ਜਿਸਨੇ ਕੁਵੇਲੇ ਆਈ ਮੌਤ ਦਾ ਪਰਦਾ ਕੱਜ ਲਿਆ
ਜਿਸਨੇ ਪਿਉ ਦੀ ਦੇਹ ਨਾਲ
ਜਿੰਦਗੀ ਦੇ ਸਾਰੇ ਰੰਗ ਵੀ ਢੱਕ ਲਏ...
ਮੇਰੇ ਮਹਿਬੂਬ..
ਅੱਜ ਇਨ੍ਹਾਂ ਕੱਜਲ ਭਰੀਆਂ ਅੱਖਾਂ ਦੀ ਗੱਲ ਨਾ ਕਰ
ਵੇਖ ਇਨ੍ਹਾਂ ਪਿੱਛੇ ਉਦਾਸੀ ਦੀ ਗਹਿਰ
ਤੇ ਸਿਵਿਆਂ ਦੀ ਰਾਖ,
ਜੋ ਅੱਜ ਤੱਕ ਰੜਕਦੀ ਏ....।

ਭੰਬੀਰੀਆਂ

ਇੱਕ ਬੱਚਾ ਰੋਜ ਆਉਂਦਾ ਏ
ਮੇਰੇ ਘਰ, ਡਰਦਾ ਡਰਦਾ
ਦਰਵਾਜੇ 'ਚ ਖੜ੍ਹਾ ਰਹਿੰਦਾ
ਚੁੱਪ-ਚਾਪ, ਬਿਨਾਂ ਕਿਸੇ ਦਸਤਕ
ਪਤਾ ਨਹੀਂ ਉਡੀਕਦਾ ਰਹਿੰਦਾ ਮੈਨੂੰ
ਕਿੰਨੀ ਕੁ ਦੇਰ ਤੋਂ
ਮੈਨੂੰ ਵੇਖ ਹੋ ਜਾਦਾ ਉਸਦਾ
ਕੌਲ ਕੌਲ ਹਰਾ
ਚਮਕ ਉਠਦੀਆਂ ਉਸਦੀਆਂ ਅੱਖਾਂ
ਮੇਰਾ ਦਿਲ ਕਰਦਾ
ਲੁਟਾ ਦੇਵਾਂ ਸਾਰਾ ਪਿਆਰ
ਸਾਰੀ ਮਮਤਾ ਉਸ ਤੋਂ
ਕਹਾਂ ਉਸਨੂੰ ਆਪਣਾ 'ਲਾਡਲਾ'
ਮੈਂ ਖਾਣ ਲਈ ਪਤਾ ਨਹੀਂ
ਉਸਨੂੰ ਕੀ-ਕੀ ਦਿੰਦੀ
ਸ਼ਾਇਦ ਜਿਸਦੀ ਕਲਪਨਾ
ਉਸਨੇ ਸੁਪਨੇ 'ਚ ਵੀ ਨਾ ਕੀਤੀ ਹੋਵੇ
ਗੱਲਾਂ ਕਰਦੀ ਪੁੱਠੀਆਂ-ਸਿੱਧੀਆਂ
ਬਹੁਤ ਹੱਸਦੀ ਉਸਦੇ ਜਵਾਬ ਸੁਣਕੇ
ਸਾਵਿਦ ਇਕ ਸਵਾਲ
ਉਸਦੇ ਮਨ ਵਿਚ ਵੀ ਹੋਵੇ ਕਿ
ਕਿਉਂ ਮੈਂ ਅਲੱਗ ਹਾਂ
ਮੁਹੱਲੇ ਦੀਆਂ ਹੋਰ ਔਰਤਾਂ ਤੋਂ
ਤੇ ਕਿਉਂ ਹਾਂ ਮਿਹਰਬਾਨ ਉਸਤੇ...?
ਸੱਚ ਹੀ ਤਾਂ ਹੈ

ਮੈਂ ਅਲੱਗ ਹੀ ਹਾਂ ਹੋਰ ਔਰਤਾਂ ਤੋਂ
ਪਰ ਕਿਵੇਂ...
ਉਸਨੂੰ ਕਿਵੇਂ ਸਮਝਾਵਾਂ?

ਇੱਕ ਦਿਨ ਉਹ ਆਇਆ
ਹੱਥ 'ਚ ਇਕ ਭੰਬੀਰੀ ਤੇ
ਦੋ ਬਿਸਕੁੱਟ ਲੈਕੇ...
ਮੈਨੂੰ ਖੁਸ਼ੀ ਹੋਈ ਇਹ ਵੇਖ ਕੇ ਕਿ
ਅੱਜ ਕਿਤੋਂ ਉਹਨੂੰ ਕੁੱਝ ਮਿਲਿਆ ਹੈ
ਮੈਂ ਦੌੜੀ ਗਈ ਉਸ ਕੋਲ
ਇਸਤੋਂ ਪਹਿਲਾਂ ਕਿ ਕੁੱਝ ਪੁੱਛਦੀ
ਕਹਿੰਦਾ, 'ਆਂਟੀ ਯੇ ਤੁਮਾਰੇ ਬੱਚੇ ਕੇ ਲੀਏ ਲਾਯਾ ਹੂੰ'
ਮੈਂ ਕੰਬਦੇ ਹੱਥਾਂ ਨਾਲ
ਭੰਬੀਰੀ ਉਸਤੋਂ ਫੜੀ
ਤੇ ਬਿਲਾਂ ਕੁੱਝ ਦਿੱਤੇ ਦਰਵਾਜ਼ਾ ਬੰਦ ਕਰ ਲਿਆ।
ਹੁਣ ਜਦ ਵੀ ਵੇਖਦੀ ਹਾਂ
ਉਹ ਭੰਬੀਰੀ
ਮੇਰੀ ਸੋਚ ਦੀ ਕੁੱਖ 'ਚ
ਤੜਫਦਾ ਏ ਇੱਕ ਬੱਚਾ...
ਮੈਂ ਉਸ ਬੱਚੇ ਨੂੰ ਕੁੱਝ ਨਹੀਂ ਦੱਸਣਾ ਚਾਹੁੰਦੀ
ਕਿ ਕਿਤੇ ਮੇਰਾ ਪਿਆਰ
ਉਸਨੂੰ ਸਵਾਰਥ ਨਾ ਲੱਗੇ
ਹੁਣ ਉਹ ਜਦ ਵੀ ਆਉਂਦਾ ਹੈ
ਮੈਂ ਡਰ ਜਾਂਦੀ ਹਾਂ
ਛੇਤੀ ਨਾਲ ਕੁੱਝ ਵੀ ਦੇਕੇ ਉਸਨੂੰ
ਮੋੜ ਦਿੰਦੀ ਹਾਂ ਤੇ

ਖੁਦ ਮੁੜ ਆਉਂਦੀ ਹਾਂ
ਆਪਣੇ ਯਥਾਰਥ ਦੀ
ਬੰਜ਼ਰ ਧਰਤੀ 'ਤੇ
ਅੱਖਾਂ ਬੰਦ ਕਰਕੇ ਵੇਖਦੀ ਹਾਂ
ਭੰਬੀਰੀਆਂ ਫੜੀ ਦੌੜੇ ਆਉਂਦੇ
ਕਿੰਨੇ ਹੀ ਬੱਚੇ
ਮੇਰੇ ਘਰ ਵੱਲ.....।

.....ਇੰਝ ਹੈ.....

ਮੇਰੇ ਲਈ
ਤੇਰੀਆਂ ਅੱਖਾਂ ਚ ਵੇਖਣਾ ਇੰਝ ਹੈ
ਜਿਵੇਂ ਕੋਈ ਬੱਚਾ ਖੂਹ ਦੀ ਮੌਣ ਤੇ ਖੜਾ
ਉਸਦੀ ਡੂੰਘਾਈ ਵੇਖਦਾ ਹੋਵੇ .....
ਤੇਰਾ ਹੱਥ ਫੜਨਾ ਇੰਝ ਹੈ,
ਜਿਵੇਂ ਕਡਿੰਆਲ਼ੀ ਤਾਰ ਲੰਘਕੇ
ਗੁਲਾਬ ਦਾ ਫੁੱਲ ਛੂਹਣਾ ਹੋਵੇ .....
ਤੇਰੇ ਨਾਲ਼ ਤੁਰਨਾ ਇੰਝ ਹੈ,
ਜਿਵੇਂ ਚਿੱਟਾ ਸੂਟ ਪਾ ਕੋਈ ਮੁਟਿਆਰ
ਚਿੱਕੜ ਲੰਘਦੀ ਹੋਵੇ .....
ਪਰ, ਤੇਰਾ ਇਜ਼ਹਾਰ ਕਰਨਾ ਇੰਝ ਸੀ
ਜਿਵੇ ਕਿਸੇ ਨਵ-ਵਿਆਹੀ ਲਈ
ਇੱਕ-ਇੱਕ ਕਰਕੇ ਬੁਝਦੀਆਂ ਹੋਣ
ਹਵੇਲੀ ਦੀਆਂ ਬੱਤੀਆਂ .....

.....ਰੰਗ.....

ਆਹ ਲੈ ..... ਤੈਨੂੰ ਕਵਿਤਾ ਦੀ ਵਜਹਿ ਦੇਵਾਂ
ਵੇਖਲੈ ਰੰਗ ਵਿਹੂਣੇ ਫੁੱਲ ਕਿੱਦਾਂ ਦੇ ਹੁੰਦੇ ਨੇ,
ਮੇਰੀ ਖੁਸ਼ਬੂ ਤਾਂ ਹੁਣ ਤੇਰੇ ਚੋਂ ਆਉਂਦੀ ਹੋਣੀ ਏ,
ਵੇਖ ਮੇਰੀਆਂ ਨਿਰਾਸ਼ ਅੱਖਾਂ,
ਜਿਸ ਚ ਤੈਨੂੰ ਖੋ ਦੇਣ ਦਾ ਡਰ
ਰਾਤ ਨੂੰ ਵੀ ਨ੍ਹੀ ਸੌਂਦਾ,.....
ਮੇਰਾ ਇਸ਼ਕ ਅੱਗ ਦਾ ਦਰਿਆ
ਤੇਰੀ ਮੁਹੱਬਤ ਮੇਰੀਆਂ ਰੀਝਾਂ ਦੀ ਚਿਤਾ,
ਜਿਸ ਚ ਮੇਰਾ ਵਿਸ਼ਵਾਸ ਸਤੀ ਹੋ ਗਿਆ,
ਵੇਖਲੈ ਰੰਗ ਵਿਹੂਣੇ ਫੁੱਲ
ਵਿਸ਼ਵਾਸ ਵਿਹੂਣੇ ਰਿਸ਼ਤੇ .....
ਮੇਰੀਆਂ ਜ਼ੁਲਫਾਂ ਵਾਂਗ ਸਭ
ਉਲਝਿਆ ਪਿਆ .....
ਤੂੰ ਮੇਰੇ ਚ, ਮੈ ਆਪਣੇ ਆਪ ਚ .....

.....ਇਹ ਦਰਦ ਨ੍ਹੀ ਵੰਡਣਾ .....

ਦਿਲ ਬਾਜ ਨਹੀ ਆਇਆ
ਮਹਿਬੂਬ ਬਣਾਇਆ,
ਬੜਾ ਛੁਪਾਇਆ,
ਪਰ ਰਾਸ ਨਾ ਆਇਆ
ਖੁਸ਼ਬੂ ਸਾਂਭ ਨਾ ਹੋਈ,
ਫਿਰ ਉਹਦਾ ਨਾਂ ਗਾ-ਗਾ ਸੁਣਾਇਆ,
ਪਤਾ ਨ੍ਹੀ ਕਿੱਥੇ ਚਲਾ ਗਿਆ
ਲੱਗਦੈ ਕਾਗਜ਼ੀ ਫੁੱਲ ਸੀ,
ਇਤਰ ਛਿੜਕਿਆ,
ਭੁਲੇਖੇ ਚ ਆ ਗਈ,
ਮੁਹੱਬਤ ਦੇ ਗੀਤ ਤਾਂ ਬੜੇ ਗਾ ਲਏ
ਹੁਣ ਇਹ ਦਰਦ ਨ੍ਹੀ ਸੁਣਾਵਾਂਗੀ
ਇਹ ਉਹ ਕੱਪੜੇ ਨੇ,ਜੋ ਧੁੱਪੇ ਨ੍ਹੀ
ਕਮਰੇ ਚ ਸੁਕਾਵਾਂਗੀ .....

ਤੂੰ ਡਰ ਨਾ

ਨਹੀਂ ਬੁਝਦਾ ਇਹ ਦੀਵਾ
ਇਹ ਤਾਂ ਬਾਲ਼ਿਆ ਹੀ ਨ੍ਹੇਰੀ ਨੇ ਸੀ
ਹਵਾ ਤੋਂ ਓਹਲਾ ਕਰਕੇ
ਰੌਸ਼ਨੀਆਂ ਤੋਂ ਡਰ ਕੇ .....

ਤੂੰ ਡਰ ਨਾ
ਨਹੀਂ ਸੁੱਕਦਾ ਬੂਟਾ ਮੁਹੱਬਤ ਦਾ
ਇਹ ਲਾਇਆ ਹੀ ਪਤਝੜ ਨੇ ਸੀ
ਬਹਾਰਾਂ ਨਾਲ਼ ਖਹਿ ਕੇ,
ਕੱਲਰਾਂ ਚ ਬਹਿ ਕੇ .....

ਤੂੰ ਡਰ ਨਾ
ਨਹੀਂ ਸੁੱਕਦੇ ਨੀਰ ਮੁਹੱਬਤਾਂ ਦੇ
ਇਹ ਤਾਂ ਲੱਭੇ ਹੀ ਹੰਝੂਆ ਨੇ ਸੀ
ਇਸ਼ਕ ਚ ਹੁੱਬ ਕੇ
ਸੁਰਮੇ ਚ ਡੁੱਬ ਕੇ .....

ਤੂੰ ਡਰ ਨਾ
ਨਹੀਂ ਛੱਡਾਗੀ ਸਾਥ ਤੇਰਾ
ਇਹ ਤਾਂ ਰੂਹਾਂ ਦਾ ਹੀ ਖੱਟਿਆ ਸੀ
ਸ਼ਬਦਾਂ ਤੋਂ ਕੋਰਾ
ਚੁੱਪ ਦਾ ਕਟੋਰਾ .....

ਜਦ ਵੀ ਕਦੇ

ਮੁਹੱਬਤ ਦੇ ਕੋਸ਼ ਚੋਂ
ਤੇਰੇ ਨਾਂ ਦਾ ਅਰਥ ਲੱਭਿਆ,
ਤਾਂ ਮੇਰਾ ਨਾਂ ਲਿਖਿਆ ਮਿਲਿਆ,
ਸੋਚ ਦੇ ਸਮੁੰਦਰ ਚ ਡੁੱਬਕੇ ਤਾਂ ਮੈਂ ਕਦੀ ਕਵਿਤਾ ਨਹੀ ਲਿਖੀ,
ਜਦ ਵੀ ਲਿਖੀ ਆਪਣੇ ਮਨ ਦੀ ਅਵਾਰਗੀ ਨੂੰ ਕਾਗਜ਼ ਤੇ ਉਲੀਕਿਆ,
ਕਵਿਤਾ,ਗਜ਼ਲ, ਨਜ਼ਮ, ਸਭ ਮੇਰੇ ਨਾਲ਼ ਹੁੰਦੇ,

ਕਿੰਨਾ ਬਦਲ ਗਿਆ ਵਕਤ,
ਜਦ ਕਦੀ ਕਵਿਤਾ ਲਿਖਦਿਆਂ ਤੇਰਾ ਨਾਂ ਲਿਖਣ ਲੱਗਦੀ ਹਾਂ
ਤੇਰੇ ਨਾਂ ਦੇ ਅੱਖਰ ਮੇਰੇ ਸਾਹਵੇਂ ਹੱਥ ਜੋੜ ਕੇ ਖੜ੍ਹ ਜਾਂਦੇ ਨੇ,

ਮੈਂ ਚੁੱਪ-ਚਾਪ ਕਵਿਤਾ ਪੀ ਲੈਂਦੀ ਹਾਂ
ਜਿਸਦੇ ਨਸ਼ੇ ਚ ਪਤਾ ਨੀ ਕਿੰਨੀ ਵਾਰ ਤੇਰਾ ਨਾਮ ਲੈਦੀ ਹਾਂ .....

..... ਨਾਇਕ.....

ਮੈਂ ਤੈਨੂੰ ਆਪਣੀ ਕਵਿਤਾ ਦਾ
ਨਾਇਕ ਮੰਨ ਬੈਠੀ ਸੀ .....
ਮੈਂ ਸੋਚਦੀ ਸੀ ਸ਼ਾਇਦ
ਦਿਲ ਤਾਂ ਧੜਕਦਾ ਵੀ ਤੂੰ ਨਾਲ਼ ਏਂ
ਮੈਂ ਮਾਂ ਨਾਲ਼ ਨਜ਼ਰਾਂ ਨ੍ਹੀ ਮਿਲਾਉਂਦੀ ਕਿਤੇ
ਤੈਨੂੰ ਮਾਂ ਨਾ ਵੇਖ ਲਏ .....
ਕਿਤੇ ਉਹ ਕਵਿਤਾ ਜੋ ਤੇਰੇ ਲਈ ਰਾਖਵੀਂ ਏ
ਸੁਰਮੇ ਨਾਲ਼ ਵਿਹ ਨਾ ਜਾਵੇ .....
ਪਰ ਨਹੀਂ .....ਨਹੀਂ ਮੇਰੇ ਮਹਿਬੂਬ
ਅਜਿਹਾ ਕੁੱਝ ਨਹੀਂ
ਕਵਿਤਾ ਤਾਂ ਹੁਣ ਵੀ ਲਿਖਦੀ ਹਾਂ
ਦਿਲ ਤਾਂ ਹੁਣ ਵੀ ਧੜਕਦਾ ਏ,
ਮਾਂ ਨੇ ਤਾਂ ਮੇਰੀਆਂ ਬੰਦ ਅੱਖਾਂ ਚ ਵੀ
ਸਭ ਪੜ੍ਹ ਲਿਆ.....
ਹਾਲੋਂ ਬੇਹਾਲ ਹੋਈ ਨੂੰ ਬੁੱਕਲ ਚ ਲਿਆ
ਮੇਰੀਆਂ ਜ਼ੁਲਫਾਂ ਕੱਠੀਆਂ ਕਰੀਆਂ ਤੇ
ਕਿਹਾ," ਕਿਉਂ ਲੱਭਦੀ ਏਂ ਅੰਨ੍ਹਿਆਂ ਥੇਹਾਂ ਚ ਰੱਬ,
ਇਹ ਜ਼ੁਲਫਾਂ ਦੇ ਨਾਗ,ਪੱਥਰਾਂ ਨੂੰ ਨ੍ਹੀ ਡੱਸਦੇ "
ਮੈਂ ਆਪਣੇ-ਆਪ ਤੋਂ ਦੂਰ ਹੋ
ਆ ਰਹੀ ਸੀ ਤੇਰੇ ਵੱਲ,
ਤੇਰੀ ਬੇ-ਰੁਖੀ ਦੀ ਅੰਨ੍ਹੀ ਨ੍ਹੇਰੀ ਨੇ
ਵਗਾਹ ਮਾਰਿਆ ਤੈਥੋਂ ਕਿਤੇ ਦੂਰ .....
ਮੁੜ ਆਈ ਹਾਂ ਆਪਣੇ ਕੋਲ਼
ਕਦਰਾਂ ਗਵਾ ਕੇ .....
ਮੁਹੱਬਤ ਲੁਟਾ ਕੇ.....

.....ਆਖਿਰੀ ਮੁਹੱਬਤ .....

ਤੇਰੀ ਬੇਵਸੀ ਦੇ ਮੁਖਾਤਿਬ ਹੈ
ਵਹਿੰਦਾ ਪਾਣੀ, ਜੋ ਕਿਸੇ ਦੇ ਵੱਸ ਨਹੀਂ
ਮੇਰੀ ਚੁੱਪ ਦੇ ਕੋਲ਼ ਹੀ ਬੈਠਾ ਏ, ਤੇਰਾ ਇਕੱਲਾ-ਪਣ .....
ਪਰ ਕਦੇ ਸੋਚਿਆ ਤੂੰ
ਤੂੰ ਸਿਰਫ ਉਹਨਾ ਰਿਸ਼ਤਿਆਂ ਲਈ ਜਿਉਂ ਰਿਹਾ ਸੀ
ਜਿਨ੍ਹਾ ਦਾ ਕੋਈ ਨਾਮ ਵੀ ਨ੍ਹੀ ਸੀ,
ਆਪਣਾ ਹੋਣਾ ਮਹਿਸੂਸ ਕਰ,
ਉਹ ਅਹਿਸਾਸ ਦਿਲੋਂ ਕੱਢ ਕੇ,
ਜੋ ਤੇਰਾ ਹੈ ਹੀ ਨ੍ਹੀ ਸੀ,
ਤੂੰ ਮੁਸਕੁਰਾ,ਮੈਂ ਹੱਸਾਗੀ
ਤੂੰ ਉਦਾਸ ਹੋਇਆ,
ਮੈਂ ਕੁੱਝ ਨ੍ਹੀ ਕਰਾਂਗੀ
ਹਾਂ .....

ਮੁਹੱਬਤ ਦੇ ਸ਼ਹਿਰ ਦੀ ਰਾਹ ਫੜ੍ਹ
ਤੂੰ ਕਿਸੇ ਦੀ ਪਹਿਲੀ ਮੁਹੱਬਤ ਹੋ ਸਕਦਾ,
ਪਰ ਜੇ ਉਹ ਨਿਭੇ ਨਾ .....
ਉਹ ਆਖਿਰੀ ਵੀ ਨ੍ਹੀ ਹੁੰਦੀ.....

ਮੇਰੀ ਕਵਿਤਾ, ਗਜ਼ਲ,

ਤੇਰੇ ਲਈ ਨਹੀ,
ਤੈਥੋਂ ਮਿਲੀ
ਮੁਹੱਬਤ, ਵਫਾ ਲਈ ਏ,
ਹੁਣ ਮੈਂ ਆਪਣੀ ਸਿਆਹੀ ਚ ਖੁਸ਼ਬੂ ਘੋਲ ਲਈ ਏ,
ਇੱਕ ਹੱਥ ਮੇਰੇ ਦਿਲ ਤੇ ਰੱਖ
ਇੱਕ ਮੇਰੀ ਕਵਿਤਾ ਤੇ .....ਦੋਨੋਂ ਧੜਕਦੇ ਨੇ ....
ਤੂੰ ਮੁਹੱਬਤ ਕਰ, ਮੈ ਕਵਿਤਾ ਲਿਖਾਂਗੀ,
ਦਿਲ ਧੜਕਦਾ ਰਹੇਗਾ .....
ਦਰਦ ਨਾ ਦੇਵੀਂ ....
ਮੈਂ ਸਿਆਹੀ ਦਾ ਕੀ ਕਰਾਂਗੀ
ਮੈਂ "ਕਵਿਤਾ" ਨੂੰ ਕੀ ਕਹਾਂਗੀ.....

Characters:	23903
Words:	5902
Sentences:	227
Paragraphs:	1280